
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ

VOL - 8 ISSUE - 35
December 11, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



**ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ**

**ਦੇਸ਼ ਦੁਆਬਾ**

ਦਾ ਪ੍ਰਥਮ ਧੰਨਵਾਦ ਸਮਾਗਮ 21 ਦਸੰਬਰ, 2019 ਦਿਨ ਸ਼ਨਿਚਰਵਾਰ ਨੂੰ
(ਹੋਰ ਜਾਣਕਾਰੀ ਲਈ ਦੇਖੋ ਸਫਾ 11)

# ਭਾਰਤ ਨੇ ਕੌਮਾਂਤਰੀ ਕਬੱਡੀ ਟੂਰਨਾਮੈਂਟ ਜਿੱਤਿਆ

## ਫਾਈਨਲ 'ਚ 64-19 ਨਾਲ ਹਾਰਿਆ ਕੈਨੇਡਾ, ਅਮਰੀਕਾ ਤੀਜੇ ਸਥਾਨ 'ਤੇ

**ਬਟਾਲਾ (ਬਿਊਰੋ)–** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਜੇਲ੍ਹ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਦੇਖ-ਰੇਖ ਹੇਠ ਕਰਵਾਏ ਗਏ ਅੰਤਰਰਾਸ਼ਟਰੀ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ਭਾਰਤ ਨੇ ਕੈਨੇਡਾ ਨੂੰ ਬੁਰੀ ਤਰ੍ਹਾਂ ਹਰਾਇਆ। ਇਸ ਮੌਕੇ ਭਾਰਤ ਨੇ 64 ਅਤੇ ਕੈਨੇਡਾ ਦੀ ਟੀਮ ਨੇ ਸਿਰਫ਼ 19 ਅੰਕ ਬਣਾਏ। ਇਸ ਤੋਂ ਪਹਿਲਾਂ ਯੂਐੱਸਏ ਤੇ ਇੰਗਲੈਂਡ ਵਿਚਾਲੇ ਹੋਏ ਫ਼ਸਵੇਂ ਮੁਕਾਬਲੇ ਵਿਚ ਯੂਐੱਸਏ ਨੇ 43 ਤੇ ਇੰਗਲੈਂਡ ਨੇ 33 ਅੰਕ ਪ੍ਰਾਪਤ ਕੀਤੇ। ਇਸ ਤਰ੍ਹਾਂ ਯੂਐੱਸਏ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਡੇਰਾ ਬਾਬਾ ਨਾਨਕ ਦੀ ਪਵਿੱਤਰ ਧਰਤੀ 'ਤੇ ਮੰਗਲਵਾਰ ਨੂੰ ਕਰਵਾਏ ਗਏ ਅੰਤਰਰਾਸ਼ਟਰੀ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ਮੁੱਖ ਮਹਿਮਾਨ ਵਜੋਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਅੰਤਰ-ਰਾਸ਼ਟਰੀ ਕਬੱਡੀ ਕੱਪ ਦੀ ਸ਼ੁਰੂਆਤ ਮੌਕੇ ਗਾਇਕ ਗੁਰਲੇਜ ਅਖ਼ਤਰ, ਜਸਬੀਰ ਜੱਸੀ ਅਤੇ ਪ੍ਰਸਿੱਧ ਕੁਮੈਂਟੇਟਰ ਸਤਿੰਦਰ ਸੱਤੀ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਉਪਰੰਤ ਇੰਗਲੈਂਡ ਦੇ ਪਰਮਜੋਤ ਸੰਘਾ, ਮਨਿੰਦਰ ਪੁਆਰ, ਮੰਗਾ ਮਿੱਠਾਪੁਰੀ ਵੱਲੋਂ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਕਾਰਨ ਇੰਗਲੈਂਡ ਦੀ ਟੀਮ ਨੇ ਅਮਰੀਕਾ ਨੂੰ 10 ਅੰਕਾਂ ਨਾਲ ਹਰਾਇਆ।



ਅੰਤਰਰਾਸ਼ਟਰੀ ਕਬੱਡੀ ਕੱਪ ਦਾ ਫਾਈਨਲ ਮੁਕਾਬਲਾ ਭਾਰਤ ਤੇ ਕੈਨੇਡਾ ਦਰਮਿਆਨ ਹੋਇਆ। ਇਸ ਮੈਚ 'ਚ ਭਾਰਤ ਦੇ ਅਮਨਦੀਪ, ਵਿਨੈ ਖੱਤਰੀ ਤੇ ਗੁਰਪ੍ਰੀਤ ਵੱਲੋਂ ਬਿਹਤਰੀਨ ਖੇਡ ਦਿਖਾਈ ਗਈ ਜਿਸ ਨਾਲ ਭਾਰਤ ਨੇ ਕੈਨੇਡਾ ਨੂੰ 64-19 ਦੇ ਫ਼ਰਕ ਨਾਲ ਹਰਾਇਆ ਤੇ ਅੰਤਰਰਾਸ਼ਟਰੀ ਕਬੱਡੀ ਕੱਪ 'ਤੇ ਕਬਜ਼ਾ ਕੀਤਾ। ਇੱਥੇ ਦੱਸਣਯੋਗ ਹੈ ਕਿ ਅੰਤਰਰਾਸ਼ਟਰੀ ਕਬੱਡੀ ਕੱਪ ਦੇ ਪਹਿਲੇ ਕੁਆਰਟਰ 'ਚ ਭਾਰਤ ਨੇ 21 ਤੇ ਕੈਨੇਡਾ ਦੀ ਟੀਮ ਨੇ ਸਿਰਫ਼ ਚਾਰ ਅੰਕ ਹਾਸਲ ਕੀਤੇ। ਫਾਈਨਲ ਮੈਚ ਰੋਮਾਂਚਕ ਨਾ ਹੁੰਦਿਆਂ ਦੇਖ ਕੇ ਖੇਡ ਪ੍ਰੇਮੀ ਮੈਦਾਨ 'ਚੋਂ ਉੱਠਣੇ ਸ਼ੁਰੂ ਹੋ ਗਏ। ਇਸ ਮੌਕੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਪੇਂਡੂ ਵਿਕਾਸ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਅੰਤਰਰਾਸ਼ਟਰੀ ਕਬੱਡੀ ਕੱਪ ਜੇਤੂ ਭਾਰਤੀ ਟੀਮ ਨੂੰ 25 ਲੱਖ, ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਕੈਨੇਡਾ ਦੀ ਟੀਮ ਨੂੰ 15 ਲੱਖ ਤੇ ਅਮਰੀਕਾ ਦੀ ਟੀਮ ਨੂੰ 10 ਲੱਖ ਰੁਪਏ ਨਕਦ ਇਨਾਮ ਦਿੱਤਾ ਗਿਆ।



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਡਾ. ਅੰਬੇਡਕਰ ਜੀ ਨੂੰ ਪ੍ਰੀਨਿਰਵਾਣ ਦਿਵਸ 'ਤੇ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15 'ਤੇ)




ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਸਨਮਾਨ ਕਰਦੇ ਹੋਏ। *(ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਦੇਖੋ)*


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# Raja
SWEETS & CATERING



AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਔਨਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕਮਲਾ ਹੈਰਿਸ ਅਮਰੀਕੀ ਰਾਸ਼ਟਰਪਤੀ ਦੀ ਨਾਮਜ਼ਦਗੀ ਚੋਣ ਦੌੜ ਵਿਚੋਂ ਲਾਂਭੇ ਹੋਈ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀਆਂ ਬਹੁਤ ਸਾਰੀਆਂ ਮਹਿਲਾਵਾਂ ਲਈ ਇਹ ਜਜ਼ਬਾਤੀ ਪਲ ਸਨ ਜਦੋਂ ਕੈਲੀਫੋਰਨੀਆ ਦੀ ਸੈਨੇਟਰ ਕਮਲਾ ਹੈਰਿਸ ਨੇ ਰਾਸ਼ਟਰਪਤੀ ਦੀ ਨਾਮਜ਼ਦਗੀ ਚੋਣ ਦੌੜ ਵਿਚੋਂ ਹਟਣ ਦਾ ਫੈਸਲਾ ਕੀਤਾ। ਹੈਰਿਸ ਜਿਸ ਨੂੰ ਕਿਸੇ ਵੇਲੇ ਸਾਬਕਾ ਰਾਸ਼ਟਰਪਤੀ ਉਬਾਮਾ ਦੀ ਜਾਨਸ਼ੀਨ ਵਜੋਂ ਵੇਖਿਆ ਜਾਣ ਲੱਗਾ ਸੀ ਨੇ ਇਕ ਈ ਮੇਲ ਰਾਹੀਂ ਆਪਣੇ ਹਮਾਇਤੀਆਂ ਨੂੰ ਦੱਸਿਆ ਹੈ ਕਿ 'ਉਹ ਰਾਸ਼ਟਰਪਤੀ ਦੀ ਦੌੜ ਵਿਚੋਂ ਵਿੱਤੀ ਸਾਧਨਾਂ ਦੀ ਅਣਹੋਂਦ ਕਾਰਨ ਲਾਂਭੇ ਹੋ ਰਹੀ ਹੈ। ਮੈ ਪਿੱਛਲੇ ਕਈ ਦਿਨਾਂ ਤੋਂ ਹਰ ਦ੍ਰਿਸ਼ਟੀਕੋਣ ਤੋਂ ਸੋਚਿਆ ਹੈ ਤੇ ਹਾਲਾਤ ਦਾ ਜਾਇਜ਼ਾ ਲਿਆ ਹੈ। ਆਖਿਰਕਾਰ ਮੈਨੂੰ ਆਪਣੇ ਜੀਵਨ ਦਾ ਸਖਤ ਫੈਸਲਾ ਲੈਣਾ ਪਿਆ ਹੈ। ਰਾਸ਼ਟਰ-ਪਤੀ ਚੋਣ ਲਈ ਮੁਹਿੰਮ ਚਲਾਉਣ ਵਾਸਤੇ ਵਿੱਤੀ ਸਾਧਨਾਂ ਦੀ ਲੋੜ ਹੈ ਜੋ ਸਾਡੇ ਕੋਲ ਨਹੀਂ ਹਨ।'' ਉਸ ਨੇ ਆਪਣੇ ਵਿਅੰਗਮਈ ਅੰਦਾਜ਼ ਵਿਚ ਆਪਣੇ ਸਾਥੀ ਡੈਮੋਕਰੈਟਿਕ ਉਮੀਦਵਾਰਾਂ ਟੌਮ ਸਟੀਅਰ ਤੇ ਮਾਈਕਲ ਬਲੂਮਬਰਗ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ''ਮੈਂ ਅਰਬਪਤੀ ਨਹੀਂ ਹਾਂ।

ਮੇਰੇ ਕੋਲ ਆਪਣੀ ਮੁਹਿੰਮ ਚਲਾਉਣ ਲਈ ਪੈਸਾ ਨਹੀਂ ਹੈ। ਜਿਉਂ ਜਿਉਂ ਮੁਹਿੰਮ ਅੱਗੇ ਵਧ ਰਹੀ ਹੈ, ਪੈਸਾ ਜੁਟਾਉਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।'' ਭਾਰਤੀ ਮੂਲ ਦੇ ਕੈਂਸਰ ਖੋਜ਼ੀ ਸਵਰਗੀ ਸ਼ਿਆਮਲਾ ਗੋਪਾਲਨ ਦੀ ਧੀ ਹੈਰਿਸ ਨੇ ਆਪਣੇ ਹਮਾਇਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਅੱਜ ਤੋਂ ਹੀ ਆਪਣੀ ਮੁਹਿੰਮ ਰੋਕ ਰਹੀ ਹੈ।



ਬਹੁਜਨ ਸਮਾਜ ਪਾਰਟੀ ਵਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਜਲੰਧਰ ਪਾਰਟੀ ਦਫਤਰ ਵਿਖੇ ਮਨਾਇਆ ਗਿਆ ਜੋ ਕਿ ਇੱਕ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਗਿਆ। ਏਸ ਮੋਕੇ ਤੇ ਨਵੇਂ ਗੀਤ ਅੱਣਖੀ ਯੋਧੇ ਦਾ ਪੋਸਟਰ ਰਿਲੀਜ਼ ਕੀਤਾ ਗਿਆ।

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਮਡਿਸਟੋ ਏਰੀਏ ਦੇ ਸਮੂਹ ਪੰਜਾਬੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਮਡਿਸਟੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਿਕ ਸਨਲਾਈਟ ਇੰਡੀਅਨ ਕੁਜ਼ੀਨ ਰੈਸਟੋਰੈਂਟ ਵਿੱਚ ਆਪਣਾ ਵਿਰਸਾ ਐਸੋਸੀਏਸ਼ਨ ਮਡਿਸਟੋ ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ਼ੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ਼ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸ਼ੁਰੂਆਤ ਹੋਸਟ ਹਰਸਿਮਰਨ ਸਿੰਘ ਸੰਗਰਾਮ ਨੇਂ ਸ਼ਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਉਹਨਾਂ ਨੇ ਸਹਾਇਤਾ ਸੰਸਥਾ ਦੇ ਕੰਮਾ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਲਈ ਵਚਨ-ਬੱਧਤਾ ਪ੍ਰਗਟਾਈ। ਡਾ. ਹਰਕੇਸ਼ ਸੰਧੂ ਨੇਂ ਸੰਸਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਵਿੰਦਰ ਢਿੱਲੋਂ ਦੀ ਜੁਬਾਨੀ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਸਰੂਪ ਸਿੰਘ ਝੱਜ ਨੇ ਇਸ ਮੌਕੇ ਪੰਜਾਬ ਅੰਦਰ ਹੜ ਪੀੜਤਾਂ ਦੀ ਸਹਾਇਤਾ ਵੱਲੋਂ ਕੀਤੀ ਮੱਦਦ ਸਬੰਧੀ ਰਿਪੋਰਟ ਵੀ ਆਏ ਦਾਨੀ ਸੱਜਣਾਂ ਨਾਲ ਸਾਂਝੀ ਕੀਤੀ, ਇਸ ਮੌਕੇ ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਗਾਇਕ ਤੇਜ਼ ਹੂੰਦ਼ਲ ਨੇ ਖ਼ੂਬਸੂਰਤ ਗੀਤ 'ਮੁੜ ਵੇਖਣ ਨੂੰ ਮਿਲ ਗਿਆ ਤੇਰਾ ਨਨਕਾਣਾ' ਨਾਲ ਹਾਜ਼ਰੀ ਲਵਾਈ। ਇਸ ਮੌਕੇ ਭਾਈ ਗੁਰਦੇਵ ਸਿੰਘ ਤੇ ਭਾਈ ਹਰਦੀਪ ਸਿੰਘ ਨੇ ਕਵਿਸ਼ਰੀ ਨਾਲ ਖ਼ੂਬ ਰੰਗ ਬੰਨਿਆ। ਵਸਦਾ ਪੰਜਾਬ ਭੰਗੜਾ ਅਕਾਡਮੀ ਦੇ ਬੱਚਿਆ ਨੇ ਗਿੱਧੇ ਭੰਗੜੇ ਦੇ ਜੌਹਰ ਵਿਖਾਏਂ। ਇਸ ਮੌਕੇ ਦਾਨੀ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਤਾੜੀਆਂ ਮਾਰਕੇ ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜ਼ਾਂ ਲਈ ਹੌਸਲਾ ਫਿਸਾਈ ਕੀਤੀ ਗਈ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।




# ਪ੍ਰਭ ਆਸਰਾ ਲਈ ਸਿਲਮਾ ਵਿਖੇ ਫੰਡ ਇਕੱਤਰ!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਦੀਨ - ਦੁਖੀ, ਮੱਦਬੁੱਧੀ ਬੱਚਿਆਂ ਅਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਸੰਭਾ਼ਲ ਲਈ ਇਨਸਾਨੀਅਤ ਨੂੰ ਸਮਰਪਿਤ ਸੰਸਥਾ ਪ੍ਰਭ-ਆਸਰਾ ਲਈ ਲੰਘੇ ਸਨਿੱਚਰਵਾਰ ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾ ਵਿਖੇ ਉੱਘੇ ਸਮਾਜ ਸੇਵੀ ਸ. ਰਣਜੀਤ ਸਿੰਘ ਨਾਗਰਾ ਦੇ ਸੱਦੇ ਤੇ ਸਾਥਾਨਿਕ ਗੁਰਘਰ ਵਿਖੇ ਇੱਕ ਫੰਡ ਰੇਜ਼ ਪ੍ਰੋਗਰਾਮ ਰੱਖਿਆ ਗਿਆ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਉੱਘੀਆ ਸ਼ਖ਼ਸੀਅਤਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਆਪਣਾ ਦਸਵੰਧ ਕੱਢਿਆ ਤੇ ਫੰਡ ਰੇਜ਼ਰ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ। ਇਸ ਮੌਕੇ ਸਟੇਜ ਸੰਚਾਲਨ ਕਬੱਡੀ ਪ੍ਰਮੋਟਰ ਸੁਰਿੰਦਰ ਸਿੰਘ ਨਿੱਝਰ ਨੇ ਕੀਤਾ। ਪ੍ਰਭ ਆਸਰਾ ਸੰਸਥਾ ਦੇ ਮੋਢੀ ਸ. ਸ਼ਮਸ਼ੇਰ ਸਿੰਘ ਨੇ ਸੰਸਥਾ ਦੇ ਕੰਮਾਂ ਕਾਰਾ ਤੇ ਝਲਕ ਪਵਾਉਣ ਲਈ ਆਪਣੇ ਵਿਚਾਰ ਰੱਖੇ, ਜਿਸ ਨੂੰ ਸੁਣਕੇ ਪਤਾ ਲੱਗਿਆ ਕਿ ਕਿਵੇਂ ਲੋਕ ਅਣਚਾਹੇ ਨਵੇਂ ਬੱਚਿਆਂ ਨੂੰ ਪ੍ਰਭ ਆਸਰਾ ਆਸ਼ਰਮਾਂ ਵਿੱਚ ਛੱਡ ਜਾਂਦੇ ਨੇ 'ਤੇ ਕਈ ਰੱਜਦੇ ਪੁੱਜਦੇ ਪਰਿਵਾਰ ਵੀ ਆਪਣੇ ਬਜ਼ੁਰਗਾਂ ਨੂੰ ਸੜਕਾਂ ਤੇ ਰੁਲਣ ਲਈ ਛੱਡ ਕਿਨਾਰਾ ਕਰ ਜਾਂਦੇ ਨੇ 'ਤੇ ਪ੍ਰਭ ਆਸਰਾ ਹੀ ਇਹਨਾ ਦੇ ਲਈ ਕੇਵਲ ਇੱਕੋ ਇੱਕ ਸਹਾਰਾ ਬਣਦਾ ਹੈ। ਇਸ ਮੌਕੇ ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਸਾਨੂੰ ਨਾਂ ਹੀ ਕੋਈ ਡਾਕਟਰ ਮੁਹੱਈਆ ਕਰਵਾਇਆ ਗਿਆ ਹੈ ਅਤੇ ਨਾਂ ਹੀ ਕੋਈ ਹੋਰ ਖ਼ਾਸ ਸਹੂਲਤ ਦਿੱਤੀ ਗਈ ਹੈ। ਸੰਸਥਾ ਦਾ ਹਰਰੋਜ ਦਾ ਲੱਖਾਂ ਰੁਪੱਈਆ ਖਰਚ ਹੈ, ਜੋ ਤੁਹਾਡੇ ਵਰਗੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਚੱਲ ਰਿਹਾ ਹੈ। ਅਖੀਰ ਉਹਨਾਂ ਸਮੂਹ ਦਾਨੀ ਸੱਜਣਾਂ ਤੇ ਗੁਰੂ-ਘਰ ਦੀ ਕਮੇਟੀ ਦਾ ਫੰਡ ਰੇਜਰ ਰੱਖਣ ਲਈ ਧੰਨਵਾਦ ਕੀਤਾ ਤੇ ਧਾਰਮਿਕ ਜਥੇਬੰਦੀਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਗੁਰੂ ਸਹਿਬ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਇਨਸਾਨੀਅਤ ਦੀ ਸੇਵਾ ਲਈ ਮੱਦਦ ਦੀ ਅਪੀਲ ਕੀਤੀ। ਉਹਨਾ ਆਏ ਸਮੂਹ ਸੱਜਣਾਂ ਨੂੰ ਆਪਣੀ ਪੰਜਾਬ ਫੇਰੀ ਦੌਰਾਨ ਪ੍ਰਭ-ਆਸਰਾ ਆਸ਼ਰਮ ਵਿੱਚ ਆਉਣ ਦੀ ਵੀ ਬੇਨਤੀ ਕੀਤੀ।



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servica


Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

# ਸਰਕਾਰ ਚਾਹੇ ਤਾਂ ਪੰਜਾਬ ਦੇ ਵਿਕਾਸ 'ਚ ਇਹ ਤਜਵੀਜ ਲਾਹੇਬੰਦ ਹੋ ਸਕਦੀਆਂ ਹਨ- ਗਾਖਲ

**ਵਾਟਸਨਵਿਲ (ਬਿਊਰੋ)** ਇਨ੍ਹੀਂ ਦਿਨੀਂ ਪਿੰਡ ਗਾਖਲ (ਜਲੰਧਰ) ਵਿਕਾਸ ਕਾਰਜ ਵੱਡੀ ਪੱਧਰ 'ਤੇ ਚੱਲ ਰਹੇ ਹਨ। ਜਿਥੇ ਪਿੰਡ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ ਉਪਰੰਤ ਇਸ ਛੱਪੜ ਨੂੰ ਪੂਰ ਕੇ ਇੱਕ ਖੂਬਸੂਰਤ ਪਾਰਕ ਦੀ ਉਸਾਰੀ ਕੀਤੀ ਜਾਵੇਗੀ। ਅਮਰੀਕਾ ਵਸਦੇ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਵਲੋਂ ਨਗਰ ਪੰਚਾਇਤ ਤੇ ਸ ਨਿਰਮਲ ਸਿੰਘ ਦੀ ਅਗਵਾਈ 'ਚ ਇਹ ਸੇਵਾ ਕਰਵਾਈ ਜਾ ਰਹੀ ਹੈ।



ਸ ਅਮੋਲਕ ਸਿੰਘ ਗਾਖਲ ਅਨੁਸਾਰ ਇਨ੍ਹਾਂ ਕਾਰਜਾਂ ਨੂੰ ਆਰੰਭ ਤੇ ਮੁਕੰਮਲ ਕਰਨ 'ਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਸਹਿਯੋਗ ਦੇਵੇ ਤੇ ਪਿੰਡਾਂ ਦੇ ਵਿਕਾਸ ਲਈ ਅੱਗੇ ਆਉਣ ਦੀ ਅਪੀਲ ਕਰੇ ਤਾਂ ਜੋ ਪ੍ਰਵਾਸੀ ਭਰਾ ਆਪੋ-ਆਪਣੇ ਪਿੰਡ ਲਈ ਦੋ ਕਰੋੜ ਰੁਪਏ ਵੀ ਖਰਚਣ ਤਾਂ ਪੰਜਾਬ ਦੇ 13 ਹਜਾਰ ਤੋਂ ਵੱਧ ਪਿੰਡਾਂ ਵਿਚ ਜਦੋਂ ਕਰੀਬ 26 ਹਜਾਰ ਕਰੋੜ ਰੁਪਏ ਤੋਂ ਉਪਰ ਖਰਚਿਆ ਜਾਵੇਗਾ ਤਾਂ ਪੰਜਾਬ ਦਾ ਵਿਕਾਸ ਸਿਰ ਚੜ੍ਹ ਕੇ ਬੋਲੇਗਾ ਤੇ ਵੱਡੀ ਪੱਧਰ 'ਤੇ ਰੁਜਗਾਰ ਦੇ ਮੌਕੇ ਵੀ ਪੈਦਾ ਹੋਣਗੇ। ਸਰਕਾਰ ਨੂੰ ਇਸ ਤਜਵੀਜ ਵੱਲ ਪੂਰਾ ਧਿਆਨ ਦੇਣ ਦੀ ਜਰੂਰਤ ਹੈ। ਗਾਖਲ ਪਰਿਵਾਰ ਨੇ ਡਿਪਟੀ ਕਮਿਸ਼ਨਰ ਜਲੰਧਰ ਤੇ ਸਮੁੱਚੇ ਸਿਵਲ ਪ੍ਰਸਾਸ਼ਨ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ।

# ਸਿਸਟਮ 'ਚ ਗੜਬੜੀ ਕਾਰਨ ਓਸੀਆਈ ਕਾਰਡ ਧਾਰਕ ਹੋ ਰਹੇ ਹਨ ਪਰੇਸ਼ਾਨ

**ਵਾਸ਼ਿੰਗਟਨ-** ਓਵਰਸੀਜ਼ ਸਿਟੀਜ਼ਨ ਆਫ ਇੰਡੀਆ (ਓਸੀਆਈ) ਕਾਰਡ ਧਾਰਕਾਂ ਨੂੰ ਭਾਰਤ ਜਾਣ ਦੌਰਾਨ ਜ਼ਬਰਦਸਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹਾ ਇਸ ਲਈ ਹੋ ਰਿਹਾ ਹੈ ਕਿਉਂਕਿ ਕਾਰਡ ਦੇ ਨਵੀਨੀਕਰਨ ਨਾਲ ਜੁੜੀਆਂ ਮੱਦਾਂ ਬਾਰੇ ਵਿਵਸਥਾ ਨਾਲ ਜੁੜੇ ਵਧੇਰੇ ਲੋਕਾਂ ਨੂੰ ਜਾਣਕਾਰੀ ਨਹੀਂ ਹੈ। ਭਾਰਤੀ ਮੂਲ ਦੇ ਅਮਰੀਕੀ ਨੇ ਇਸ ਸਬੰਧੀ ਭਾਰਤ ਦੇ ਰਾਜਦੂਤ ਨੂੰ ਸ਼ਿਕਾਇਤ ਕੀਤੀ ਹੈ।




ਅਮਰੀਕਾ 'ਚ ਚਰਚਿਤ ਜੈਪੁਰ ਫੁੱਟ ਦੇ ਚੇਅਰਮੈਨ ਪ੍ਰੇਮ ਭੰਡਾਰੀ ਨੇ ਸ਼ਿਕਾਇਤ 'ਚ ਕਿਹਾ ਹੈ ਕਿ ਓਸੀਆਈ ਨਾਲ ਸਬੰਧਤ ਸਮੱਸਿਆਵਾਂ ਕਾਰਨ ਵੱਡੀ ਗਿਣਤੀ 'ਚ ਭਾਰਤੀ ਮੂਲ ਦੇ ਅਮਰੀਕੀ ਭਾਰਤ ਜਾਣ ਦੇ ਆਪਣੇ ਪ੍ਰੋ-ਗਰਾਮ ਰੱਦ ਕਰ ਰਹੇ ਹਨ। ਕਈ ਵਾਰ ਅਮਰੀਕਾ ਤੋਂ ਰਵਾਨਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੁਬਈ ਜਾਂ ਰਸਤੇ ਤੋਂ ਹੀ ਕਿਸੇ ਏਅਰਪੋਰਟ ਤੋਂ ਉਨ੍ਹਾਂ ਨੂੰ ਵਾਪਸ ਆਉਣਾ ਪੈਂਦਾ ਹੈ।

ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਕਈ ਏਅਰਲਾਈਨ ਕੰਪਨੀਆਂ ਉਨ੍ਹਾਂ ਨੂੰ ਆਪਣੇ ਜਹਾਜ਼ 'ਚ ਯਾਤਰਾ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੰਦੀਆਂ ਹਨ। ਉਨ੍ਹਾਂ ਦੇ ਪਾਸਪੋਰਟ ਨੰਬਰ ਦਾ ਓਸੀਆਈ ਕਾਰਡ ਨੰਬਰ ਨਾਲ ਮਿਲਾਨ ਨਹੀਂ ਹੁੰਦਾ। ਅਜਿਹਾ ਪਾਸਪੋਰਟ ਦੇ ਨਵੀਨੀਕਰਨ ਤੋਂ ਬਾਅਦ ਉਨ੍ਹਾਂ ਦੇ ਅੰਕੜਿਆਂ ਤੇ ਪੁਰਾਣੇ ਓਆਈਸੀ ਕਾਰਡ 'ਚ ਆਏ ਫਰਕ ਕਾਰਨ ਹੁੰਦਾ ਹੈ। ਇਸ ਕਾਰਨ ਕਈ ਵਾਰ ਯਾਤਰੀਆਂ ਨੂੰ ਏਅਰਪੋਰਟ ਜਾਂ ਰਸਤੇ 'ਚ ਜਹਾਜ਼ ਬਦਲਣ ਵਾਲੇ ਸ਼ਹਿਰ ਤੋਂ ਵਾਪਸ ਪਰਤਣਾ ਪੈਂਦਾ ਹੈ। ਅਮਰੀਕਾ 'ਚ ਰਹਿਣ ਵਾਲੇ ਭਾਰਤੀ ਭਾਈਚਾਰੇ 'ਚ ਸੋਸ਼ਲ ਵਰਕਰ ਦੇ ਤੌਰ 'ਤੇ ਕੰਮ ਕਰਨ ਵਾਲੇ ਪ੍ਰੇਮ ਭੰਡਾਰੀ ਨੇ ਭਾਰਤੀ ਰਾਜਦੂਤ ਹਰਸ਼ਵਰਧਨ ਸ਼ਿੰਗਲਾ ਨਾਲ ਮੁਲਾਕਾਤ 'ਚ ਸਮੱਸਿਆ ਦੇ ਹੱਲ ਦੀ ਬੇਨਤੀ ਕੀਤੀ। ਇਸ ਲਈ ਏਅਰਲਾਈਨ ਕੰਪਨੀਆਂ, ਇਮੀਗ੍ਰੇਸ਼ਨ ਵਿਭਾਗ, ਗ੍ਰਹਿ ਮੰਤਰਾਲੇ ਤੇ ਨਾਗਰਿਕ ਹਵਾਬਾਜ਼ੀ ਮੰਤਰਾਲੇ ਦੀ ਵੈਬਸਾਈਟ 'ਤੇ ਅੰਕੜਿਆਂ ਦੀ ਸਹੀ ਸਥਿਤੀ ਦੱਸਣ ਦੀ ਮੰਗ ਕੀਤੀ।

# ਦੱਖਣੀ ਏਸ਼ਿਆਈ ਖੇਡਾਂ: 174 ਸੋਨ ਤਗ਼ਮਿਆਂ ਨਾਲ ਚੋਟੀ 'ਤੇ ਰਿਹਾ ਭਾਰਤ

**ਕਾਠਮੰਡੂ-** ਭਾਰਤ ਨੇ 13ਵੀਆਂ ਏਸ਼ਿਆਈ ਖੇਡਾਂ (ਸੈਗ) ਵਿੱਚ ਅੱਜ ਇੱਥੇ ਆਪਣੀ ਮੁਹਿੰਮ ਰਿਕਾਰਡ 312 ਤਗ਼ਮਿਆਂ (174 ਸੋਨੇ, 93 ਚਾਂਦੀ ਅਤੇ 45 ਕਾਂਸੀ) ਨਾਲ ਪਹਿਲੇ ਸਥਾਨ 'ਤੇ ਰਹਿੰਦਿਆਂ ਸਮਾਪਤ ਕੀਤੀ। ਭਾਰਤ ਨੇ ਗੁਹਾਟੀ ਅਤੇ ਸ਼ਿਲੌਂਗ ਵਿੱਚ ਹੋਈਆਂ ਇਨ੍ਹਾਂ ਖੇਡਾਂ ਦੇ ਪਿਛਲੇ ਸੈਸ਼ਨ (2016) ਦੌਰਾਨ ਕੁੱਲ 309 ਤਗ਼ਮੇ ਹਾਸਲ ਕੀਤੇ ਸਨ, ਜਿਸ ਵਿੱਚ 189 ਸੋਨ ਤਗ਼ਮੇ ਸਨ। ਇਸ ਵਾਰ ਸੋਨ ਤਗ਼ਮਿਆਂ ਦੀ ਗਿਣਤੀ ਪਿਛਲੇ ਟੂਰਨਾਮੈਂਟ ਦੇ ਮੁਕਾਬਲੇ 15 ਘੱਟ ਹੈ।

ਮੇਜ਼ਬਾਨ ਨੇਪਾਲ 206 ਤਗ਼ਮਿਆਂ (51 ਸੋਨੇ, 60 ਚਾਂਦੀ ਅਤੇ 95 ਕਾਂਸੀ) ਨਾਲ ਦੂਜੇ, ਜਦਕਿ ਸ੍ਰੀਲੰਕਾ 251 ਤਗ਼ਮਿਆਂ (40 ਸੋਨੇ, 83 ਚਾਂਦੀ ਅਤੇ 128 ਕਾਂਸੀ) ਨਾਲ ਤੀਜੇ ਸਥਾਨ 'ਤੇ ਰਿਹਾ। ਭਾਰਤ 1984 ਵਿੱਚ ਸ਼ੁਰੂ ਹੋਈਆਂ ਦੱਖਣੀ ਏਸ਼ਿਆਈ ਖੇਡਾਂ ਦੇ ਸਾਰੇ ਟੂਰਨਾਮੈਂਟਾਂ ਦੌਰਾਨ ਸੂਚੀ ਵਿੱਚ ਚੋਟੀ 'ਤੇ ਰਿਹਾ ਹੈ। ਅੱਜ ਇਨ੍ਹਾਂ ਖੇਡਾਂ ਦੇ ਆਖ਼ਰੀ ਦਿਨ ਭਾਰਤ ਨੇ 15 ਸੋਨ ਤਗ਼ਮੇ ਸਣੇ ਦੋ ਚਾਂਦੀ ਅਤੇ ਇੱਕ ਕਾਂਸੀ ਨਾਲ ਕੁੱਲ 18 ਤਗ਼ਮੇ ਹਾਸਲ ਕੀਤੇ। ਇਸ ਵਿੱਚ ਮੁੱਕੇਬਾਜ਼ਾਂ ਨੇ ਛੇ ਸੋਨੇ ਅਤੇ ਇੱਕ ਚਾਂਦੀ ਹਾਸਲ ਕੀਤੀ। ਬਾਸਕਟਾਲ ਵਿੱਚ ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਨੇ ਕ੍ਰਮਵਾਰ ਸ੍ਰੀਲੰਕਾ (101-62) ਅਤੇ ਮੇਜ਼ਬਾਨ ਨੇਪਾਲ (127-46) ਨੂੰ ਹਰਾ ਕੇ ਸੋਨ ਤਗ਼ਮੇ ਹਾਸਲ ਕੀਤੇ। ਵਿਕਾਸ ਕ੍ਰਿਸ਼ਨ



(69 ਕਿਲੋ) ਅਤੇ ਪਿੰਕੀ ਰਾਣੀ (51 ਕਿਲੋ) ਦੀ ਅਗਵਾਈ ਵਿੱਚ ਭਾਰਤ ਨੇ ਛੇ ਹੋਰ ਸੋਨ ਤਗ਼ਮੇ ਜਿੱਤੇ, ਜਿਸ ਨਾਲ ਭਾਰਤੀ ਮੁੱਕੇਬਾਜ਼ੀ ਦਲ ਨੇ ਆਪਣੀ ਮੁਹਿੰਮ 16 ਤਗ਼ਮਿਆਂ ਨਾਲ ਖ਼ਤਮ ਕੀਤੀ।

**ਗੁਰਸ਼ਰਨ ਕੌਰ ਨੂੰ ਕੁਸ਼ਤੀ ਮੁਕਾਬਲਿਆਂ 'ਚ ਸੋਨ ਤ.ਗਮਾ**

ਸਬ-ਇੰਸਪੈਕਟਰ ਗੁਰਸ਼ਰਨ ਕੌਰ ਨੇ ਨੇਪਾਲ ਵਿੱਚ ਸਮਾਪਤ ਹੋਈਆਂ 13ਵੀਆਂ ਦੱਖਣੀ ਏ-ਸ਼ਿਆਈ ਖੇਡਾਂ ਵਿੱਚ ਕੁਸ਼ਤੀ ਦੇ 76 ਕਿਲੋ ਭਾਰ ਵਰਗ ਵਿੱਚ ਸੋਨ ਤਗ਼ਮਾ ਜਿੱਤਿਆ। ਗੁਰਸ਼ਰਨ ਨੇ ਇਸ ਤੋਂ ਪਹਿਲਾਂ ਪੀਏਪੀ 'ਚ ਹੋਈ ਸੀਨੀਅਰ ਕੌਮੀ ਕੁਸ਼ਤੀ ਚੈਂਪੀਅਨਸ਼ਿੱਪ ਵਿੱਚ ਵੀ ਸੋਨ ਤਗ਼ਮਾ ਹਾਸਲ ਕੀਤਾ ਸੀ। ਉਹ ਇੱਥੇ ਪੀਏਪੀ ਵਿੱਚ ਤਾਇਨਾਤ ਹੈ। ਗੁਰਸ਼ਰਨ ਦੀ ਕੋਚ ਰਜਨੀ ਭੱਲਾ ਨੇ ਦੱਸਿਆ ਕਿ ਗੁਰਸ਼ਰਨ ਨੇ ਲੰਮੇ ਸਮੇਂ ਮਗਰੋਂ ਕੁਸ਼ਤੀ ਮੁਕਾਬਲਿਆਂ ਵਿੱਚ ਵਾਪਸੀ ਕੀਤੀ ਸੀ। ਗੁਰਸ਼ਰਨ ਕੌਰ ਦੀ ਤਿੰਨ ਸਾਲਾ ਧੀ ਵੀ ਹੈ।

ਸੈਗ ਖੇਡਾਂ 'ਚ ਚੈਂਪੀਅਨ ਬਣਨ ਮਗਰੋਂ ਉਸ ਦਾ ਅਗਲਾ ਨਿਸ਼ਾਨਾ ਟੋਕੀਓ ਓਲੰਪਿਕ ਖੇਡਾਂ-2020 ਹਨ। ਗੁਰਸ਼ਰਨ ਕੌਮੀ ਚੈਂਪੀਅਨਸ਼ਿੱਪ 'ਚ ਸੋਨ ਤਗ਼ਮਾ ਜਿੱਤਣ ਵਾਲੀ ਪੰਜਾਬ ਦੀ ਇਕਲੌਤੀ ਪਹਿਲਵਾਨ ਹੈ। ਨੇਪਾਲ ਦੇ ਪੋਖਰਾ ਅਤੇ ਕਾਠਮੰਡੂ 'ਚ ਹੋਈਆਂ ਖੇਡਾਂ 'ਚ ਭਾਰਤ ਦੇ 7 ਪਹਿਲਵਾਨਾਂ ਦੀ ਟੀਮ ਨੇ ਹਿੱਸਾ ਲਿਆ ਸੀ।

# ਨਵਾਜ਼ੂਦੀਨ ਸਦੀਕੀ ਦੀ ਅਦਾਕਾਰੀ ਵਾਲੇ ਲੜੀਵਾਰ 'ਮੈਕਮਾਫ਼ੀਆ' ਨੇ ਜਿੱਤਿਆ ਇੰਟਰਨੈਸ਼ਨਲ ਐਮੀ ਐਵਾਰਡ

**ਨਿਊਯਾਰਕ (ਹੁਸਨ ਲੜੋਆ ਬੰਗਾ)-** ਇੰਟਰਨੈਸ਼ਨਲ ਐਮੀ ਐਵਾਰਡ 2019 ਲਈ ' ਲਸਟ ਸਟੋਰੀਜ਼' ਤੇ 'ਸੇਕਰਡ ਗੇਮਜ਼' ਸਮੇਤ ਬਹੁਤ ਸਾਰੀਆਂ ਭਾਰਤੀ ਨਾਮਜ਼ਦਗੀਆਂ ਹੋਈਆਂ ਸਨ ਪਰ ਇਨਾਂ ਵਿਚੋਂ ਕੋਈ ਵੀ ਐਵਾਰਡ ਜਿੱਤਣ ਵਿਚ ਸਫਲ ਨਹੀਂ ਹੋਈ। ਸਫਲਤਾ 'ਮੈਕਮਾਫ਼ੀਆ' ਦੇ ਹੱਥ ਲੱਗੀ ਹੈ ਜਿਸ ਵਿਚ ਨਵਾਜ਼ੂਦੀਨ ਅਦਾਕਾਰ ਹਨ। ਮੈਕਮਾਫ਼ੀਆ ਨੇ 'ਬੈਸਟ ਡਰਾਮਾ ਸੀਰੀਜ਼ ਐਵਾਰਡ' ਜਿੱਤਿਆ ਹੈ। ਇੰਟਰਨੈਸ਼ਨਲ ਐਮੀ ਐਵਾਰਡ 2019 ਲਈ ਬੈਸਟ ਟੀ.ਵੀ ਫਿਲਮKਮਿੰਨੀ ਸੀਰੀਜ਼,



ਬੈਸਟ ਡਰਾਮਾ, ਬੈਸਟ ਡਾਕੂਮੈਂਟਰੀ, ਡਰਾਮਾ ਸੀਰੀਜ਼ ਵਿਚ ਬੈਸਟ ਅਦਾਕਾਰਾ ਸਮੇਤ ਬਹੁਤ ਸਾਰੀਆਂ ਸ਼੍ਰੇਣੀਆਂ ਵਿਚ ਭਾਰਤੀ ਨਾਮਜ਼ਦਗੀਆਂ ਹੋਈਆਂ ਸਨ। ' ਸੇਕਰਡ ਗੇਮਜ਼' ਉਪਰ 'ਮੈਕਮਾਫ਼ੀਆ' ਬਾਜ਼ੀ ਮਾਰ ਗਈ ਜਦ ਕਿ ਕਰਨ ਜੌਹਰ ਤੇ ਜੋਇਆ ਅਖਤਰ ਦੀ ' ਲਸਟ ਸਟੋਰੀਜ਼' ਨੂੰ ਆਸਟਰੇਲੀਆ ਦੀ 'ਸੇਫ ਹਾਰਬਰ' ਪਛਾੜ ਗਈ। 'ਮੈਕਮਾਫ਼ੀਆ' ਜਿਸ ਵਿਚ ਸਦੀਕੀ ਨੇ ਮੁੰਬਈ ਦੇ ਗੈਂਗਸਟਰ ਡਿਲੀ ਮਹਿਮੂਦ ਦੀ ਭੂਮਿਕਾ ਨਿਭਾਈ ਸੀ, ਨੂੰ ਸਰਬੋਤਮ ਡਰਾਮਾ ਐਲਾਨਿਆ ਗਿਆ। ਇਸ ਜਿੱਤ ਉਪਰ ਸਦੀਕੀ ਨੇ ਕਿਹਾ ਹੈ ਕਿ ਇੰਟਰਨੈਸ਼ਨਲ ਐਮੀ ਐਵਾਰਡ ਸਮਰੋਹ ਵਿਚ ਖ਼ੂਬਸੂਰਤ ਟਰਾਫੀ ਲੈਣਾ ਬੇਹੱਦ ਖ਼ੁਸ਼ੀ ਵਾਲੀ ਗੱਲ ਹੈ।

# ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਬਣਨ ਤੇ ਟਕਸਾਲੀ ਅਕਾਲੀਆਂ ਵੱਲੋਂ ਸਵਾਗਤ

**ਯੂਬਾ ਸਿਟੀ (ਹੁਸਨ ਲੜੋਆ ਬੰਗਾ)-** ਸੀਨੀਅਰ ਟਕਸਾਲੀ ਅਕਾਲੀ ਆਗੂ ਜਥੇਦਾਰ ਰਜਿੰਦਰ ਸਿੰਘ ਚੌਹਾਨ ਨੰਗਲ ਖੂੰਗਾ ਨੇ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਜਨਰਲ ਸਕੱਤਰ ਬਣਨ ਤੇ ਖ਼ੁਸ਼ੀ ਦਾ ਇਜਹਾਰ ਕਰਦਿਆਂ ਕਿਹਾ ਕਿ ਸ. ਧਾਮੀ ਪੜ੍ਹਿਆ ਲਿਖਿਆ ਬੇਦਾਗ ਸ਼ਖਸੀਅਤ ਹੈ ਅਤੇ ਸਿੱਖ ਪੰਥ ਦੀਆਂ ਸਫਾਂ ਵਿਚ ਇਨ੍ਹਾਂ ਦੀ ਕੁਰਬਾਨੀ ਤੇ ਦੇਣ ਹੈ। ਉਹਨਾਂ ਸ਼੍ਰੋਮਣੀ ਕਮੇਟੀ ਵਿਚ ਸਿੱਖੀ ਪ੍ਰਚਾਰ ਦੀ ਆਈ ਖੜੋਤ ਕਰਕੇ ਸਿੱਖ ਪਰਿਵਾਰਾਂ ਦੇ ਬੱਚਿਆਂ ਵਿਚ ਨਸ਼ਿਆਂ ਤੇ ਪਤਿਤਪੁਣੇ ਦੇ ਸ਼ਿਕਾਰ ਹੋ ਚੁੱਕੇ ਨੌਜਵਾਨਾਂ ਨੂੰ ਮੁੜ ਮੁੱਖ ਧਾਰਾ 'ਚ ਲਿਆਉDELਣ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਪਿੰਡਾਂ ਵਿਚ ਲੜੀਵਾਰ ਹਲਕਿਆਂ ਨੂੰ ਜੋਨਾਂ ਵਿਚ ਵੰਡ ਕੇ ਧਰਮ ਪ੍ਰਚਾਰ ਲਹਿਰ ਪ੍ਰਚੰਡ ਕੀਤੀ ਜਾਵੇ। ਉਹਨਾਂ ਅਕਾਲੀ ਲੀਡਰਸ਼ਿਪ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਨਿਯੁਕਤੀ ਦਾ ਗੁਰਨਾਮ ਸਿੰਘ ਪੰਮਾ, ਦਿਲਬੀਰ ਸਿੰਘ ਗਿੱਲ, ਚਰਨਜੀਤ ਸਿੰਘ ਚੌਹਾਨ, ਜਗਜੀਤ ਸਿੰਘ ਚੌਟਾਲਾ, ਸੁਖਵਿੰਦਰ ਸਿੰਘ ਅਬਲੋਵਾਲ ਆਦਿ ਨੇ ਵਿਸ਼ੇਸ਼ ਸਵਾਗਤ ਕੀਤਾ।

# ਇਥੋਪੀਆ: ਆਬੀ ਅਹਿਮਦ ਨੂੰ ਨੋਬੇਲ ਅਮਨ ਪੁਰਸਕਾਰ ਮਿਲਿਆ

**ਓਸਲੋ-** ਇਥੋਪੀਆ ਦੇ ਪ੍ਰਧਾਨ ਮੰਤਰੀ ਆਬੀ ਅਹਿਮਦ ਮੰਗਲਵਾਰ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਹਾਸਲ ਕਾਰਨ ਲਈ ਓਸਲੋ ਵਿੱਚ ਪੁੱਜੇ ਪਰ ਇਸ ਦੌਰਾਨ ਇਥੋਪੀਆ ਵਿੱਚ ਨਸਲੀ ਹਿੰਸਾ ਵਧਣ ਕਾਰਨ ਉਨ੍ਹਾਂ ਸਾਮਹਣੇ ਚੁਣੌਤੀਆਂ ਵੀ ਵਧ ਗਈਆਂ ਹਨ। ਹਿੰਸਾ ਕਾਰਨ ਉਹ ਦੇਸ਼ ਵਿੱਚ ਆਪਣੀਆਂ ਮੀਡੀਆ ਨਾਲ ਮੀਟਿੰਗਾਂ ਅਤੇ ਆਪਣੇ ਦੌਰੇ ਘੱਟ ਕਰਨ ਲਈ ਮਜਬੂਰ ਹੋ ਗਏ ਹਨ। ਆਧੁਨਿਕ ਸੁਧਾਰਵਾਦੀ ਆਗੂ ਵਜੋਂ ਉਭਰੇ ਸ੍ਰੀ ਆਬੀ ਦੇ ਇਸ ਫੈਸਲੇ ਨੂੰ ਉਨ੍ਹਾਂ ਦੇ ਨਾਰਵੇ ਦੇ ਮੇਜ਼ਬਾਨ ਇੱਕ ਕਾਇਰਤਾ ਭਰੇ ਫੈਸਲੇ ਵਜੋਂ ਦੇਖਣ ਲੱਗੇ ਹਨ। ਐਬੀ (43) ਮੰਗਲਵਾਰ ਨੂੰ ਓਸਲੋ ਵਿੱਚ ਸਿਟੀ ਹਾਲ ਵਿੱਚ ਪੁਰਸਕਾਰ ਹਾਸਲ ਕਰਨ ਲਈ ਪੁੱਜੇ ਹਨ। ਉਨ੍ਹਾਂ ਨੂੰ ਖਿੱਤੇ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਚੁੱਕੇ ਕਦਮਾਂ ਕਾਰਨ ਇਹ ਵੱਕਾਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਉਨ੍ਹਾਂ ਨੇ ਆਪਣੇ ਗਵਾਂਢੀ ਮੁਲਕ ਇਰੀਟੀਰੀਆ ਦੀ ਰਾਜਧਾਨੀ ਅਸਮਾਰਾ ਵਿੱਚ ਉਥੋਂ ਦੇ ਰਾਸ਼ਟਰਪਤੀ ਨਾਲ ਸ਼ਾਂਤੀ ਸਮਝੌਤਾ ਕਰ ਕੇ ਵੀਹ ਸਾਲ ਪੁਰਾਣੀ ਹਿੰਸਾ ਨੂੰ ਖਤਮ ਕਰਨ ਦਾ ਅਹਿਮ ਯਤਨ ਕੀਤਾ ਹੈ।



ਇਸ ਤੋਂ ਇਲਾਵਾ ਉਨ੍ਹਾਂ ਨੇ ਸੁਡਾਨ ਵਿੱਚ ਸ਼ਾਂਤੀ ਸਥਾਪਤੀ ਲਈ ਵੀ ਸਾਲਸ ਵਜੋਂ ਅਹਿਮ ਯਤਨ ਕੀਤੇ ਹਨ। ਇਥੋਪੀਆ ਵਿੱਚ ਕੀਤੇ ਜਾ ਰਹੇ ਸੁਧਾਰਾਂ ਨੂੰ ਵਿਸ਼ਵ ਭਰ ਦੇ ਦੇਸ਼ ਵਿੱਚ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਵਜੋਂ ਦੇਖ ਰਿਹਾ ਹੈ। ਉਨ੍ਹਾਂ ਨੇ ਦੇਸ਼ ਵਿੱਚ ਕੁੱਝ ਰਾਜਸੀ ਪਾਰਟੀਆਂ ਤੋਂ ਪਾਬੰਦੀ ਵੀ ਹਟਾਈ ਹੈ।


## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ ਉਮਰ 30 ਸਾਲ, ਕੱਦ 5 ਫੁੱਟ-11 ਇੰਚ, ਚੰਗਾ ਪੜ੍ਹਿਆ-ਲਿਖਿਆਂ ਹੈ। ਜੋ ਇਸ ਸਮੇਂ ਡੁਬਈ ਵਿੱਚ ਹੈਪੀ-ਡਿਊਟੀ ਟਰੈਲਰ ਚਲਾ ਰਿਹਾ ਹੈ। ਉਸ ਲਈ ਕਨੇਡਾ ਜਾਂ ਅਮਰੀਕਾ ਰਹਿੰਦੀ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਅਮਰੀਕਾ ਵਿੱਚ ਰਹਿੰਦਾ ਅੰਕਲ ਸੈਂਟਲ ਕਰਨ ਵਿੱਚ ਪੂਰੀ ਮਦਦ ਕਰੇਗਾ। ਹੋਰ ਜਾਣਕਾਰੀ ਲਈ ਫ਼ੋਨ ਨੰਬਰ: (559) 355-4065 (ੂੰਓ) ਜਾਂ 919465506499 (ਿਨਦਇ) 'ਤੇ ਸੰਪਰਕ ਕਰ ਸਕਦੇ ਹੋ।


# ਪੁਲਿਸ ਨੇ ਦੱਸਿਆ ਕਿਵੇਂ ਹੋਇਆਐਨਕਾਊਂਟਰ

**ਨਵੀਂ ਦਿੱਲੀ-** ਹੈਦਰਾਬਾਦ ਐਨਕਾਊਂਟਰ 'ਤੇ ਨੋਟਿਸ ਲੈਣ ਦੇ ਸਵਾਲ 'ਤੇ ਸਾਈਬਰਾਬਾਦ ਦੇ ਸੀਪੀਵੀਸੀ ਸੱਜਨ ਨੇ ਕਿਹਾ ਕਿ ਅਸੀਂ ਸਾਰੇ ਸਬੰਧਿਤ ਸੂਬਾ ਸਰਕਾਰ ਵਾਲੇ, ਜੋ ਵੀ ਨੋਟਿਸ ਲੈਂਦੇ ਹਨ, ਉਸ ਦਾ ਜਵਾਬ ਦੇਵਾਂਗੇ। ਉਹਨਾਂ ਮੀਡੀਆ ਰਿਪੋਰਟਾਂ ਦੇ ਆਧਾਰ 'ਤੇ ਨੋਟਿਸ ਲਿਆ ਹੈ ਕਿ ਤੇਲੰਗਾਨਾ ਮਾਮਲੇ 'ਚ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਦੀ ਐਨਕਾਊਂਟਰ 'ਚ ਮੌਤ ਹੋ ਗਈ ਹੈ। ਉਹਨਾਂ ਨੇ ਜਾਂਚ ਸਥਾਨ 'ਤੇ ਤੁਰੰਤ ਆਪਣੀ ਟੀਮ ਭੇਜਣ ਨੂੰ ਕਿਹਾ ਹੈ ਤਾਂ ਜੋ ਮਾਮਲੇ 'ਚ ਤੱਥਾਂ ਦਾ ਪਤਾ ਚੱਲ ਸਕੇ। ਸੱਜਨਾਰ ਨੇ ਕਿਹਾ ਕਿ ਦੋਸ਼ੀ ਨੂੰ ਜਦੋਂ ਘਟਨਾ ਦੇ ਰੀਕ੍ਰਿਏਸ਼ਨ ਲਈ ਘਟਨਾ ਸਥਾਨ 'ਤੇ ਲਿਜਾਇਆ ਗਿਆ। ਉਸ ਦੌਰਾਨ ਇਕ ਦੋਸ਼ੀ ਨੇ ਪੁਲਿਸ ਮੁਲਾਜ਼ਮਾਂ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ ਸੀ, ਉਥੇ ਦੋਸ਼ੀਆਂ ਨੇ ਪੁਲਿਸ ਮੁਲਾਜ਼ਮਾਂ 'ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਦੋ ਦੋਸ਼ੀਆਂ ਨੇ ਪੁਲਿਸ ਤੋਂ ਹਥਿਆਰ ਖੋਹ ਕੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਿਸ ਨੇ ਸਾਰੇ ਦੋਸ਼ੀਆਂ ਨੂੰ ਸਰੰਡਰ ਕਰਨ ਲਈ ਕਿਹਾ, ਪਰ ਦੋਸ਼ੀ ਨਹੀਂ ਮੰਨੇ। ਇਸ ਤੋਂ ਬਾਅਦ ਪੁਲਿਸ ਨੂੰ ਜਵਾਬੀ ਫਾਇਰਿੰਗ ਕਰਨੀ ਪਈ, ਜਿਸ 'ਚ ਦੋਸ਼ੀਆਂ ਦੀ ਮੌਤ ਹੋਈ।



ਪੁਲਿਸ ਮੁਤਾਬਿਕ ਐਨਕਾਊਂਟਰ ਤੋਂ ਬਾਅਦ ਇਕ ਦੋਸ਼ੀ ਦੇ ਹੱਥੋਂ ਹਥਿਆਰ ਵੀ ਮਿਲਿਆ। ਪੁਲਿਸ ਕਮਿਸ਼ਨਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਦੋਸ਼ੀਆਂ ਦੀ ਡੀਐੱਨਏ ਜਾਂਚ ਵੀ ਕਰਵਾਈ ਜਾ ਰਹੀ ਹੈ। ਰੀਕ੍ਰਿਏਸ਼ਨ ਦੌਰਾਨ ਦੋਸ਼ੀ ਕਥਿਤ ਤੌਰ 'ਤੇ ਇਕਜੁੱਟ ਹੋ ਗਏ ਸਨ ਤੇ ਪੁਲਿਸ ਪਾਰਟੀ 'ਤੇ ਹਮਲਾ ਕਰ ਦਿੱਤਾ ਸੀ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਸ਼ੀਆਂ ਦੇ ਹਮਲੇ ਤੋਂ ਬਾਅਦ 5 ਤੋਂ 10 ਮਿੰਟ ਤਕ ਮੁਕਾਬਲਾ ਚੱਲਿਆ ਸੀ।

# ਭਾਰਤੀ ਮੂਲ ਦੇ ਅਮਰੀਕੀ ਵਿਦਿਆਰਥੀ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਵੱਲੋਂ ਆਤਮ ਸਮਰਪਣ




**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–**ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਭੀਸ਼ੇਕ ਸੁਦੇਸ਼ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੇ ਆਤਮ ਸਮਰਪਣ ਕਰ ਦਿੱਤਾ ਹੈ ਜਿਸ ਉਪਰੰਤ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਦੀ ਪਛਾਣ ਐਰਿਕ ਡੇਵਿਨ ਟਰਨਰ (42) ਵਜੋਂ ਹੋਈ ਹੈ। 28 ਨਵੰਬਰ ਨੂੰ ਥੈਂਕਸ ਗਿਵਨ ਦਿਵਸ ਵਾਲੇ ਦਿਨ ਗੋਲੀ ਚੱਲਣ ਦੀ ਘਟਨਾ ਵਾਪਰੀ ਸੀ। ਸੈਨਬਰਨਾਰਡੀਨੋ ਪੁਲਿਸ ਦੇ ਸਾਰਜੈਂਟ ਅਲਬਰਟ ਟੈਲੋ ਅਨੁਸਾਰ ਪੁਲਿਸ ਨੂੰ ਸਾਊਥ ਈਸਟ ਸਟਰੀਟ ਦੇ 100 ਨੰਬਰ ਬਲਾਕ ਵਿਚ ਗੋਲੀ ਚੱਲਣ ਦੀ ਘਟਨਾ ਵਾਪਰਨ ਬਾਰੇ ਸੂਚਨਾ ਮਿਲੀ ਸੀ। ਜਦੋਂ ਮੌਕੇ ਉਪਰ ਪੁਲਿਸ ਪੱਜੀ ਤਾਂ ਉਸ ਨੇ ਵੇਖਿਆ ਕਿ 25 ਸਾਲ ਦਾ ਵਿਦਿਆਰਥੀ ਅਭੀਸ਼ੇਕ ਸੁਦੇਸ਼ ਜਮੀਨ ਉਪਰ ਡਿੱਗਾ ਪਿਆ ਸੀ। ਉਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ। ਹਮਲਾਵਰ ਘਟਨਾ ਸਥਾਨ ਤੋਂ ਫਰਾਰ ਹੋ ਗਿਆ ਸੀ ਪਰ ਪੁਲਿਸ ਨੇ ਉਸ ਦੀ ਸ਼ਨਾਖਤ ਕਰ ਲਈ ਸੀ। ਪੁਲਿਸ ਅਨੁਸਾਰ ਦੋਸ਼ੀ ਨੇ ਵਿਦਿਆਰਥੀ ਨੂੰ ਕਿਉਂ ਮਾਰਿਆ ਇਸ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ।

### ਬਡਵਾਲ ਪਰਿਵਾਰ ਨੂੰ ਗਹਿਰਾ ਸਦਮਾ

# ਗੁਰਦੀਪ ਕੌਰ ਬਡਵਾਲ ਅਕਾਲ ਪੁਰਖ ਦੇ ਚਰਨਾਂ 'ਚ ਬਿਰਾਜੇ

**ਸੈਕਰਾਮੈਂਟੋ–** ਕਮਿਊਨਿਟੀ ਦੇ ਉਘੇ ਬਿਜਨਸਮੈਨ ਇਕਬਾਲ ਸਿੰਘ ਬਡਵਾਲ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ ਉਹਨਾਂ ਦੀ ਮਾਤਾ ਬੀਬੀ ਗੁਰਦੀਪ ਕੌਰ ਬਡਵਾਲ (ਪਤਨੀ ਪਿਤਾ ਸਵ. ਫਲਾਈਟ ਲੈਫਟੀਨੈਂਟ ਸੋਹਨ ਸਿੰਘ ਬਡਵਾਲ) ਜਿਹਨਾਂ ਦਾ ਪਿਛਲਾ ਪਿੰਡ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਰਾਮਪੁਰ ਝੱਜੋਵਾਲ ਨੇੜੇ ਮਾਹਿਲਪੁਰ) ਹੈ। ਬੀਤੀ 15 ਨਵੰਬਰ 2019 ਨੂੰ ਅਕਾਲ ਚਲਾਣਾ ਕਰ ਗਏ। ਬੀਤੀ 23 ਨਵੰਬਰ ਨੂੰ ਉਹਨਾਂ ਦਾ ਨੋਰਥ ਸੈਕਰਾਮੈਂਟੋ ਫਿਊਨਰਲ ਹੋਮ ਵਿਖੇ ਸਕੇ ਸਬੰਧੀਆਂ ਅਤੇ ਪਰਿਵਾਰਕ ਦੋਸਤਾਂ ਦੀ ਹਾਜ਼ਰੀ ਵਿਚ ਮਾਤਾ ਗੁਰਦੀਪ ਕੌਰ ਬਡਵਾਲ ਦਾ ਅੰਤਿਮ ਸਸਕਾਰ ਕੀਤਾ ਗਿਆ। ਉਪਰੰਤ ਸਿੱਖ ਸੁਸਾਇਟੀ ਬਰਾਡਸ਼ਾਅ ਗੁਰਦੁਆਰਾ ਸਾਹਿਬ ਸੈਕਰਾਮੈਂਟੋ ਵਿਖੇ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਉਹਨਾਂ ਦੇ ਸਪੁੱਤਰਾਂ ਅਤੇ ਨੂੰਹਾਂ ਇਕਬਾਲ ਸਿੰਘ ਬਡਵਾਲ ਸੀ. ਪੀ. ਏ. (ਇਕਨਾ ਸੀ. ਪੀ. ਏ. ਸਰਵਿਸ ਇਨਕਾਰਪੋਰੇਸ਼ਨ) ਤੇ ਕੁਲਵਿੰਦਰ ਬਡਵਾਲ, ਰਿਟਾ. ਬ੍ਰਿਗੇਡੀਅਰ ਜਸਬੀਰ ਸਿੰਘ ਤੇ ਹਰਵਿੰਦਰ ਕੌਰ (ਇੰਡੀਆ ਤੋਂ) ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ. ਜਸਵਿੰਦਰ ਸਿੰਘ ਬਡਵਾਲ, ਮਰਸਿਡ (ਪ੍ਰਸਿੱਧ ਡੈਂਟਿਸਟ) ਤੇ ਰਿੰਕੂ ਬਡਵਾਲ ਨਾਲ ਸਕੇ ਸਬੰਧੀਆਂ ਅਤੇ ਦੋਸਤਾਂ ਮਿੱਤਰਾਂ ਨੇ ਦੁੱਖ ਸਾਂਝਾ ਕੀਤਾ। ਇੱਥੇ ਦੱਸਣਯੋਗ ਹੈ ਕਿ ਇਕਬਾਲ ਸਿੰਘ ਬਡਵਾਲ ਨੇ ਜਿੱਥੇ ਆਪਣੇ ਬਿਜਨਸ ਵਿਚ ਅਥਾਹ ਕਾਮਯਾਬੀ ਹਾਸਲ ਕੀਤੀ, ਉਥੇ ਉਹ ਸਮਾਜਿਕ ਕਾਰਜਾਂ ਵਿਚ ਵੀ ਗਤੀਸ਼ੀਲ ਰਹਿੰਦੇ ਹਨ। ਉਹਨਾਂ ਆਪਣੇ ਮਾਤਾ ਪਿਤਾ ਵੱਲੋਂ ਮਿਲੀ ਸਿੱਖਿਆ ਅਤੇ ਸਹਿਯੋਗ ਸਦਕਾ ਸੈਕਰਾਮੈਂਟੋ ਵਿਚ ਚਾਰਟਰ ਸਕੂਲ ਸ਼ੁਰੂ ਕੀਤਾ ਅਤੇ ਇੰਡਸ ਵੈਲੀ ਚੈਂਬਰਸ ਆਫ ਕਾਮਰਸ ਦੇ ਕਈ ਸਾਲ ਪ੍ਰੈਜ਼ੀਡੈਂਟ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਹੁਣ ਮੌਜੂਦਾ ਟਰੱਸਟੀ ਵਜੋਂ ਸੇਵਾਵਾਂ ਦੇ ਰਹੇ ਹਨ। ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਖੇ ਮਾਤਾ ਗੁਰਦੀਪ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ. ਨਰਿੰਦਰਪਾਲ ਸਿੰਘ ਹੁੰਦਲ ਅਤੇ ਲਖਵਿੰਦਰ ਸਿੰਘ ਲੱਖੀ ਨੇ ਮਾਤਾ ਜੀ ਦੇ ਜੀਵਨ ਬਾਰੇ ਸੰਖੇਪ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਵੇਂ ਉਹਨਾਂ ਨੇ ਆਪਣੇ ਬੱਚਿਆਂ ਨੂੰ ਜ਼ਿੰਦਗੀ ਜਿਊਣੀ ਸਿਖਾਈ ਅਤੇ ਕਾਮਯਾਬ ਹੋਣ ਵਿਚ ਸਹਾਇਤਾ ਕੀਤੀ।


ਗੁਰਦੀਪ ਕੌਰ ਬਡਵਾਲ


ਬਡਵਾਲ ਪਰਿਵਾਰ

# ਸਿਲੀਕਾਨ ਵੈਲੀ ਗੁਰਦੁਆਰਾ ਸੈਂਟਾਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਸੈਂਟਾਕਲਾਰਾ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ ਵਿਖੇ ਹਫਤਾਵਾਰੀ ਸਜੇ ਦੀਵਾਨਾਂ ਵਿਚ 'ਸ਼ਹੀਦੀ ਗੁਰੂ ਤੇਗ ਬਹਾਦਰ ਜੀ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਨੇ ਗੁਰੂ ਇਤਿਹਾਸ ਤੇ ਰੌਸ਼ਨੀ ਪਾਈ। ਇਸ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀਆਂ ਨੇ ਧਾਰਮਿਕ ਕਵਿਤਾਵਾਂ ਸੁਣਾਈਆਂ।

# ਤਕਨੀਕੀ ਸਿਖਲਾਈ ਸਕੂਲ ਦੇ ਮਾਲਕ ਵੱਲੋਂ 29 ਮਿਲੀਅਨ ਡਾਲਰ ਤੋਂ ਵਧ ਦੀ ਧੋਖਾਧੜੀ



**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–**ਕੈਲੀਫੋਰਨੀਆ ਦੇ ਦੱਖਣੀ ਜਿਲਾ ਦੇ ਅਟਾਰਨੀ ਦਫਤਰ ਨੇ ਖੁਲਾਸਾ ਕੀਤਾ ਹੈ ਕਿ ਸੈਨ ਡਿਆਗੋ ਸਥਿੱਤ ਟੈਕਨੀਕਲ ਟਰੇਨਿੰਗ ਸਕੂਲ ਬਲਿਊ ਸਟਾਰ ਲਰਨਿੰਗ ਦਾ ਮਾਲਕ ਨਿਮੇਸ਼ ਸ਼ਾਹ ਸਾਬਕਾ ਸੈਨਿਕਾਂ ਦੇ ਵਿਭਾਗ ਨਾਲ 29 ਮਿਲੀਅਨ ਡਾਲਰ ਤੋਂ ਵਧ ਦੀ ਧੋਖਾਧੜੀ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਅਟਾਰਨੀ ਜਨਰਲ ਦੇ ਦਫਤਰ ਅਨੁਸਾਰ ਸਾਬਕਾ ਸੈਨਿਕਾਂ ਦਾ ਵਿਭਾਗ ਉਸ ਸਕੂਲ ਨੂੰ ਟਿਊਸ਼ਨ ਤੇ ਹੋਰ ਫੀਸਾਂ ਸਿੱਧੇ ਤੌਰ ਭੇਜਦਾ ਹੈ ਜਿਸ ਸਕੂਲ ਵਿਚ ਸਾਬਕਾ ਸੈਨਿਕਾਂ ਨੂੰ ਦਾਖਲ ਕੀਤਾ ਜਾਂਦਾ ਹੈ ਤੇ ਕੁਝ ਮਾਮਲਿਆਂ ਵਿਚ ਹਾਊਸਿੰਗ ਭੱਤਾ, ਕਿਤਾਬਾਂ ਲਈ ਪੈਸੇ ਤੇ ਹੋਰ ਖਰਚੇ ਸਿੱਧੇ ਸਾਬਕਾ ਸੈਨਿਕ ਵਿਦਿਆਰਥੀਆਂ ਨੂੰ ਭੇਜੇ ਜਾਂਦੇ ਹਨ। ਸਾਬਕਾ ਸੈਨਿਕਾਂ ਦੇ ਵਿਭਾਗ ਤੋਂ ਫੰਡ ਲੈਣ ਲਈ ਸਕੂਲ ਵਿਚ ਘਟੋ ਘਟ 15% ਗੈਰ ਸਾਬਕਾ ਸੈਨਿਕ ਵਿਦਿਆਰਥੀਆਂ ਨੂੰ ਦਾਖਲ ਕਰਨਾ ਜਰੂਰੀ ਹੁੰਦਾ ਹੈ। ਸ਼ਾਹ ਨੇ ਗੈਰ ਸਾਬਕਾ ਸੈਨਿਕ ਵਿਦਿਆਰਥੀਆਂ ਦੀਆਂ ਜਾਅਲੀ ਫਾਇਲਾਂ ਬਣਾਈਆਂ ਹਾਲਾਂ ਕਿ ਉਸ ਨੂੰ ਪਤਾ ਸੀ ਕਿ ਉਸ ਦੇ ਤਕਰੀਬਨ 100% ਵਿਦਿਆਰਥੀ ਸਾਬਕਾ ਸੈਨਿਕ ਹਨ ਜੋ ਸਾਬਕਾ ਸੈਨਿਕਾਂ ਦੇ ਵਿਭਾਗ ਤੋਂ ਵਿੱਤੀ ਮੱਦਦ ਲੈ ਰਹੇ ਹਨ। ਸ਼ਾਹ ਨੇ ਸਾਬਕਾ ਸੈਨਿਕਾਂ ਦੇ ਵਿਭਾਗ ਨੂੰ 29,350,999 ਡਾਲਰ ਦਾ ਚੂਨਾ ਲਾਇਆ। ਝੂਠਾ ਬਿਆਨ ਦੇਣ ਲਈ ਸ਼ਾਹ ਦੀ ਪਤਨੀ ਨਿੱਧੀ ਸ਼ਾਹ ਵੀ ਦੋਸ਼ੀ ਪਾਈ ਗਈ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਦੇਸ਼ ਦੁਆਬਾ

# ਧਾਰਮਿਕ ਕੱਟੜਤਾ ਦਾ ਸ਼ਿਕਾਰ ਹਿੰਦੂ ਸਿੱਖ, ਜੈਨੀ, ਬੋਧੀ, ਪਾਰਸੀ ਮੂਲ ਨਿਵਾਸੀ ਕਿੱਥੇ ਜਾਣ?

ਨਾਗਰਿਕਤਾ ਸੋਧ ਬਿੱਲ ਸਬੰਧੀ ਜਿਹੋ ਜਿਹਾ ਮਾਹੌਲ ਬਣਾਇਆ ਗਿਆ ਹੈ, ਉਸ ਨੂੰ ਦੇਖਦੇ ਹੋਏ ਲੋਕ ਸਭਾ ਵਿਚ ਉਸ ਬਾਰੇ ਹੰਗਾਮਾ ਹੋਣਾ ਹੀ ਸੀ। ਸਿਰਫ਼ ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਹੀ ਇਹ ਸਿੱਧ ਕਰਨ 'ਤੇ ਜ਼ੋਰ ਨਹੀਂ ਦੇ ਰਹੀਆਂ ਹਨ ਕਿ ਇਹ ਬਿੱਲ ਸੰਵਿਧਾਨ ਵਿਰੋਧੀ ਹੈ। ਇਹੀ ਕੰਮ ਕਈ ਬੁੱਧੀਜੀਵੀ ਵੀ ਕਰਨ ਲੱਗੇ ਹੋਏ ਹਨ। ਉਨ੍ਹਾਂ ਦੀ ਮੰਨੀਏ ਤਾਂ ਇਹ ਸਮਾਨਤਾ ਦੇ ਅਧਿਕਾਰਾਂ ਦਾ ਹਨਨ ਕਰਦਾ ਹੈ ਪਰ ਉਹ ਇਹ ਸਪਸ਼ਟ ਕਰਨ ਦੀ ਜ਼ਰੂਰਤ ਨਹੀਂ ਸਮਝ ਰਹੇ ਹਨ ਕਿ ਸਮਾਨਤਾ ਦਾ ਅਧਿਕਾਰ ਭਾਰਤੀ ਨਾਗਰਿਕਾਂ 'ਤੇ ਹੀ ਲਾਗੂ ਹੋ ਸਕਦਾ ਹੈ ਨਾ ਕਿ ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ। ਇਸ ਬਿੱਲ ਜ਼ਰੀਏ ਭਾਰਤ ਇਹ ਤੈਅ ਕਰਨ ਜਾ ਰਿਹਾ ਹੈ ਕਿ ਉਹ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਕਿਨ੍ਹਾਂ ਲੋਕਾਂ ਨੂੰ ਨਾਗਰਿਕਤਾ ਪ੍ਰਦਾਨ ਕਰ ਸਕਦਾ ਹੈ? ਇਹ ਸਮਝਣ ਦੀ ਜ਼ਰੂਰਤ ਹੈ ਕਿ ਇਹ ਬਿੱਲ ਸਾਰੀ ਦੁਨੀਆ ਦੇ ਲੋਕਾਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਵਾਸਤੇ ਨਹੀਂ ਹੈ। ਇਸ ਬਿੱਲ ਦੇ ਵਿਰੋਧ ਵਿਚ ਦੂਜੀ ਵੱਡੀ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਹ ਧਾਰਮਿਕ ਆਧਾਰ 'ਤੇ ਪੱਖਪਾਤ ਕਰਦਾ ਹੈ। ਬੇਸ਼ੱਕ ਇਸ ਬਿੱਲ ਵਿਚ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਘੱਟ ਗਿਣਤੀ ਭਾਈਚਾਰਿਆਂ ਅਰਥਾਤ ਹਿੰਦੂ, ਸਿੱਖ, ਜੈਨੀ, ਬੋਧੀ, ਪਾਰਸੀ, ਈਸਾਈ ਧਰਮ ਦੇ ਲੋਕਾਂ ਨੂੰ ਹੀ ਨਾਗਰਿਕਤਾ ਦੇਣ ਦੀ ਵਿਵਸਥਾ ਹੈ ਪਰ ਜੇ ਇਨ੍ਹਾਂ ਤਿੰਨਾਂ ਦੇਸ਼ਾਂ ਦੇ ਮੁਸਲਮਾਨਾਂ ਨੂੰ ਰਿਆਇਤ ਨਹੀਂ ਦਿੱਤੀ ਗਈ ਤਾਂ ਇਸ ਪਿੱਛੇ ਇਤਿਹਾਸਕ ਕਾਰਨ ਅਤੇ ਇਹ ਤੱਥ ਹੈ ਕਿ ਇਹ ਸਾਰੇ ਮੁਸਲਮਾਨਾਂ ਦੀ ਬਹੁਤਾਤ ਵਾਲੇ ਮੁਲਕ ਹਨ। ਆਖ਼ਰ ਇਹ ਕਿਉਂ ਭੁਲਾਇਆ ਜਾ ਰਿਹਾ ਹੈ ਕਿ ਦੇਸ਼ ਦੀ ਵੰਡ ਮਜ਼ਹਬ ਦੇ ਆਧਾਰ 'ਤੇ ਹੋਈ ਸੀ? ਇਸ ਇਤਿਹਾਸਕ ਪਿਛੋਕੜ ਦੀ ਅਣਦੇਖੀ ਕਿਉਂ ਕੀਤੀ ਜਾਣੀ ਚਾਹੀਦੀ ਹੈ? ਤ੍ਰਾਸਦੀ ਇਹ ਹੈ ਕਿ ਇਸੇ ਦੇ ਨਾਲ ਇਸ ਤੱਥ ਦੀ ਵੀ ਅਣਦੇਖੀ ਕੀਤੀ ਜਾ ਰਹੀ ਹੈ ਕਿ ਬੰਗਲਾਦੇਸ਼ ਤੋਂ ਆਏ ਲੱਖਾਂ ਲੋਕਾਂ ਨੇ ਉੱਤਰ-ਪੂਰਵ ਦੇ ਕਈ ਇਲਾਕਿਆਂ ਵਿਚ ਸਮਾਜਿਕ ਮੂੰਹ-ਮੱਥਾ ਇਸ ਕਦਰ ਬਦਲ ਦਿੱਤਾ ਹੈ ਕਿ ਸਥਾਨਕ ਸੱਭਿਆਚਾਰ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਦਰਅਸਲ, ਇਸੇ ਕਾਰਨ ਉੱਤਰ-ਪੂਰਵ ਦੇ ਜ਼ਿਆਦਾਤਰ ਇਲਾਕਿਆਂ ਨੂੰ ਨਾਗਰਿਕਤਾ ਤਰਮੀਮ ਬਿੱਲ ਦੇ ਦਾਇਰੇ ਤੋਂ ਬਾਹਰ ਕੀਤਾ ਗਿਆ ਹੈ। ਸਮਝਣਾ ਔਖਾ ਹੈ ਕਿ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਮੁਸਲਮਾਨਾਂ ਨੂੰ ਨਾਗਰਿਕਤਾ ਤਰਮੀਮ ਬਿੱਲ ਤੋਂ ਬਾਹਰ ਰੱਖਣ ਦਾ ਵਿਰੋਧ ਕਰਨ ਵਾਲੇ ਇਸ ਦੀ ਅਣਦੇਖੀ ਕਿਉਂ ਕਰ ਰਹੇ ਹਨ ਕਿ ਇਸ ਬਿੱਲ ਵਿਚ ਸ੍ਰੀਲੰਕਾ ਦੇ ਤਾਮਿਲ ਹਿੰਦੂਆਂ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾ ਰਹੀ ਹੈ। ਕੀ ਵਿਰੋਧੀ ਧਿਰ ਇਸ ਦੀ ਚਰਚਾ ਕਰਨ ਤੋਂ ਇਸ ਲਈ ਬਚ ਰਹੀ ਹੈ ਤਾਂ ਜੋ ਵੋਟ ਬੈਂਕ ਦੀ ਸਿਆਸਤ ਕਰਨ ਵਿਚ ਆਸਾਨੀ ਹੋਵੇ? ਇਹ ਠੀਕ ਨਹੀਂ ਕਿ ਸੌੜੇ ਸਿਆਸੀ ਕਾਰਨਾਂ ਕਾਰਨ ਇਹ ਹਵਾ ਬਣਾਈ ਜਾਵੇ ਕਿ ਇਹ ਬਿੱਲ ਮੁਸਲਮਾਨ ਵਿਰੋਧੀ ਹੈ। ਬਿਹਤਰ ਹੋਵੇ ਕਿ ਇਹ ਹਵਾ ਬਣਾਉਣ ਵਾਲੇ ਇਹ ਸਪਸ਼ਟ ਕਰਨ ਕਿ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਘੱਟ-ਗਿਣਤੀ ਅਤੇ ਬਹੁ-ਗਿਣਤੀ ਭਾਈਚਾਰਿਆਂ ਵਿਚਾਲੇ ਫ਼ਰਕ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗ੍ਰਹ, ਗ੍ਰਹਣ ਦੇ ਡਰਾਵੇ, ਪੁਜਾਰੀ ਦੀ ਲੁੱਟ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਗ੍ਰਹ (ਗ੍ਰਹਿ) ਸੰਸਕ੍ਰਿਤ ਸ਼ਬਦ ਤੇ ਅਰਥ ਅੰਗੀਕਾਰ ਕਰਨਾ, ਅਟਕਾਉਣਾ, ਇਕੱਤਰ ਕਰਨਾ, ਲੈਣਾ, ਫੜਨਾ, ਪਕੜਨਾ, ਫਸੌਤੀ, ਉਪੱਦ੍ਰਵ ਤੇ ਕਸ਼ਟ ਨੇ ਪਰ ਪ੍ਰਕਰਣ ਅਨੁਸਾਰ ਇੱਥੇ ਗ੍ਰਹ (ਗ੍ਰਹਿ) ਦੇ ਅਰਥ ਬਾਮਣ ਪੁਜਾਰੀ ਜੋਤਸ਼ੀਆਂ, ਦੁਆਰਾ ਜਨਤਾ ਨੂੰ ਡਰਾ ਕੇ ਲੁੱਟਣ ਲਈ ਨਵਗ੍ਰਹ ਕਲਪੇ ਹਨ ਜਿਵੇਂ ਸੂਰਜ, ਚੰਦ, ਤਾਰੇ, ਰਾਹੂ, ਕੇਤੂ, ਮੰਗਲ, ਬੁੱਧ, ਸ਼ੁਕਰ, ਸ਼ਨੀ, ਬ੍ਰਹਿਸਪਤ, ਰਾਹੂ ਅਤੇ ਕੇਤੂ ਆਦਿਕ। ਬਾਮਣ ਜੋਤਸ਼ੀ ਦਸਦੇ ਹਨ ਕਿ ਜਿਵੇਂ ਕਸ਼ਟ ਆ ਗਿਆ ਤਾਂ ਕੋਈ ਗ੍ਰਹ ਪੁੱਠਾ ਪੈ ਰਿਹਾ ਹੈ। ਗ੍ਰਹ ਪੈਣਾ, ਗ੍ਰਹ ਫਸਣਾ, ਕਸ਼ਟ ਆਉਣਾ, ਗ੍ਰਹ ਨਿਵਾਰਨਾ, ਗ੍ਰਹ ਕੱਟਣਾ ਆਦਿਕ ਤੋਂ ਕਸ਼ਟ ਦੂਰ ਹੋਣਾ ਮੁਹਾਰੇ ਵੀ ਬਣ ਚੁੱਕੇ ਹਨ। ਗ੍ਰਹਣ (ਗ੍ਰਹਿਣ) ਦਾ ਅਰਥ ਪੰਜਾਬੀ 'ਚ ਅੰਗੀਕਾਰ ਕਰਨਾ, ਫੜਨਾ, ਅਰਥ ਸਮਝਣਾ ਹੈ ਪਰ ਪੁਜਾਰੀ ਬਾਮਣ ਦੁਆਰਾ ਕਲਪੇ ਅਰਥ ਸੂਰਜ ਜਾਂ ਚੰਦ ਦਾ ਧਰਤੀ ਦੇ ਪ੍ਰਛਾਵੇਂ ਹੇਠ ਆ ਜਾਣ ਤੇ ਬਾਮਣ ਨੂੰ ਪੁੰਨ ਦਾਨ ਕਰਨਾ ਆਦਿਕ ਹਨ।

ਭਾਈ ਕਾਹਨ ਨਾਭਾ ਲਿਖਦੇ ਹਨ ਕਿ ਸਵਾਰਥ ਸਿੱਧੀ ਵਾਸਤੇ ਸੂਰਜ, ਚੰਦ੍ਰਮਾ, ਮੰਗਲ, ਬੁੱਧ, ਬ੍ਰਿਹਸਪਤਿ, ਸ਼ੁਕਰ, ਸ਼ਨਿਚਰ, ਰਾਹੂ ਅਤੇ ਕੇਤੂ ਇਨ੍ਹਾਂ ਨੌਂ ਗ੍ਰੇਹਾਂ ਦੇ ਸ਼ੁਭ ਅਸ਼ੁਭ (ਚੰਦੇ ਮੰਦੇ) ਫਲ ਕਲਪ ਕੇ ਲੋਕਾਂ ਨੂੰ ਸੁਖ ਦੁੱਖ ਦਾ ਕਾਰਨ ਨਿਸਚੈ ਕਰਾਉਂਦੇ ਅਤੇ ਪੁੰਨ, ਦਾਨ ਜਪ ਆਦਿਕ ਨਾਲ ਗ੍ਰਹਾਂ ਦੀ ਖੋਟੀ ਦਸ਼ਾ ਦੀ ਨਿਵ੍ਰਿਤੀ ਮੰਨਦੇ ਹਨ। ਗੁਰ ਸਿੱਖ ਗੁਰੂ ਕ੍ਰਿਪਾ ਕਰਕੇ ਇਸ ਭ੍ਰਮ ਤੋਂ ਮੁਕਤ ਹਨ-ਸੂਖ ਸਹਜ ਅਨਦੁ ਘਣਾ ਹਰਿ ਕੀਰਤਨ ਗਾਉ॥ ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ॥1॥ ਭਾਵ ਸਤਿਗੁਰੂ ਨੇ ਨਾਮ ਦੇ (ਰੱਬੀ ਨਿਯਮ) ਸਮਝਾ ਕੇ ਭ੍ਰਮ ਗ੍ਰਹ ਨਿਵਾਰ ਦਿਤੇ ਭਾਵ ਬਾਮਣ ਪੁਜਾਰੀ ਦੇ ਭ੍ਰਮਜਾਲੀ ਕਰਮਕਾਡਾਂ ਤੋਂ ਬਚਾ ਦਿਤਾ ਹੈ। ਪੰਡਿਤ ਪਾਂਧੇ ਜੋਤਸ਼ੀ ਨਿਤ ਪੜਹਿ ਪੁਰਾਣਾ॥ ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮ ਲੁਕਾਣਾ॥(419) ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥...ਸਭਸੈ ਊਪਰਿ ਗੁਰ ਸਬਦੁ ਬੀਚਾਰ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥(904) ਪੰਡਿਤ ਪੁਜਾਰੀਆਂ ਬਾਰੇ ਹੋਰ ਗੁਰ ਫੁਰਮਾਨ-ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰੁ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ ਕਥਨੀ ਝੂਠੀ ਜਗੁ ਭਵੈ ਰਹਿਣੀ ਸਬਦੁ ਸੁ ਸਾਰੁ॥ (56) ਆਦਿਕ ਹੋਰ ਵੀ ਗੁਰਬਾਣੀ ਫੁਰਮਾਨ ਹਨ।

ਗ੍ਰਹਣ-ਇਸ ਦਾ ਮਤਲਵ ਵੀ ਗ੍ਰਹ ਨਾਲ ਰਲਦਾ ਮਿਲਦਾ ਹੈ। ਕੁਦਰਤੀ ਚਾਲ ਅਨੁਸਾਰ ਜਦ ਸੂਰਜ ਤੇ ਚੰਦ ਵਿਚਕਾਰ ਧਰਤੀ ਆ ਜਾਵੇ ਤਾਂ ਚੰਦ ਗ੍ਰਹਣ ਅਤੇ ਸੂਰਜ ਜਾਂ ਧਰਤੀ ਦੇ ਵਿਚਕਾਰ ਚੰਦ ਆ ਜਾਵੇ ਤਾਂ ਸੂਰਜ ਗ੍ਰਹਣ ਹੁੰਦਾ ਹੈ। ਜਿਸ ਨੂੰ ਪੁਜਾਰੀ ਦੇ ਸਿਖਾਏ ਲੋਕ ਚੰਗਾ ਮੰਦਾ ਮੰਨਦੇ ਦਾਨ, ਪੁੰਨ, ਇਸ਼ਨਾਨ ਤੇ ਮੰਤ੍ਰ ਜਾਪ ਕਰਦੇ ਸਨ ਤੇ ਹਨ। ਗੁਰਮਤਿ ਇਸ ਬਾਰੇ ਫੁਰਮਾਂਦੀ ਹੈ-ਹਰਿ ਹਰਿ ਨਾਮਿ ਮਜਨੁ ਕਰਿ ਸੂਚੇ॥ ਕੋਟਿ ਗ੍ਰਹਣ ਪੁੰਨ ਫਲ ਮੂਚੇ॥1॥ਰਹਾਉ॥(197) ਭਾਵ ਪ੍ਰਭੂ ਨਾਮ ਤੀਰਥ 'ਚ ਇਸ਼ਨਾਨ ਕਰਨਾ ਹੀ ਸੁੱਚੇ ਜੀਵਨ ਵਾਲਾ ਬਣਨਾ ਤੇ ਪ੍ਰਭੂ ਨਿਯਮ ਨੂੰ ਸਮਝ ਉਸ ਅਨੁਸਾਰ ਜੀਵਨ ਜੀਣਾ ਕ੍ਰੋੜਾਂ ਗ੍ਰਹਣਾ ਸਮੇ ਕੀਤੇ ਪੁੰਨਾਂ ਦੇ ਫਲਾਂ ਨਾਲੋਂ ਕਿਤੇ ਵਧੀਕ ਹੈ।

ਭਾਈ ਗੁਰਦਾਸ ਜੀ ਵੀ ਦਰਸਾਂਦੇ ਹਨ ਕਿ-

ਗੁਰ ਸਿਖ ਸੰਗਤਿ ਮਿਪਾਪ ਕੋ ਪ੍ਰਤਾਪ ਐਸੋ, ਪਤਿਵ੍ਰਤ ਏਕ ਟੇਕ ਦੁਬਿਦਾ ਨਿਵਾਰੀ ਹੈ।
ਪੂਛਤ ਨ ਜੋਤਕ ਐ ਬੇਦ ਥਿਤਿ ਵਾਰ ਕਛੁ, ਗ੍ਰਹ ਔ ਨਛਤ੍ਰ ਕੀ ਨ ਸ਼ੰਕਾ ਉਰਿਧਾਰੀ ਹੈ।
ਜਾਨਤ ਨ ਸਗਨ ਲਗਨ ਆਨ ਦੇਵ ਸੇਵ, ਸ਼ਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ।

ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥(ਕਬਿਤ-448) ਗੁਰੂ ਨਾਲ ਸਿੱਖ ਦੀ ਵਫਾਦਾਰੀ ਪਤੀਬ੍ਰਤ ਔਰਤ ਵਰਗੀ ਹੈ ਜੋ ਭੈੜੀ ਮਤ ਮਨ 'ਚ ਪੈਦਾ ਨਹੀਂ ਹੋਣ ਦਿੰਦੀ। ਬੁੱਧੀਮਾਨ ਸਿੱਖ ਜੋਤਿਸ਼, ਟੇਵੇ ਤੇ ਵੇਦਾਂ ਦੀ ਈਨ ਨਹੀਂ ਮੰਨਦਾ, ਮਾੜੇ ਗ੍ਰਹਿਆਂ ਤੋਂ ਨਹੀਂ ਡਰਦਾ ਅਤੇ ਚੰਗੇ ਮਾੜੇ ਥਿਤ ਵਾਰ ਅਰ ਮਹੂਰਤਾਂ 'ਤੇ ਵਿਸ਼ਵਾਸ਼ ਨਹੀਂ ਕਰਦਾ। ਸਿੱਖ ਵਿਆਹ ਸ਼ਾਦੀ ਵੇਲੇ ਲਗਨ ਸ਼ਗਨ ਨਹੀਂ ਕਢਾਉਂਦਾ, ਹੋਰਨਾਂ ਦੇਵੀ ਦੇਵਾਂ ਦੀ ਪੂਜਾ ਨਹੀਂ ਕਰਦਾ ਸਗੋਂ ਨਿ-ਰੰਕਾਰੀ ਗੁਰ ਸ਼ਬਦ ਹੀ ਵਿਚਾਰਦਾ ਹੈ। ਸੰਤ ਰੂਪ ਸਿੱਖ ਦਾ ਸੁਭਾ ਬਾਲਕ ਵਾਂਗ ਵਲ ਛਲ ਤੋਂ ਮੁਕਤ ਹੁੰਦੈ। ਗੁਰੂ, ਮਾਤਾ ਪਿਤਾ ਵਾਂਗ, ਸਿੱਖ ਦੇ ਭਰਮ-ਸ਼ੰਕੇ ਦੂਰ ਕਰ, ਵਿਚਾਰਵਾਨ ਬਣਾ ਦਿੰਦਾ ਤੇ ਸਿੱਖ ਸਭ ਦੇਵੀ ਦੇਵ ਤਿਆਗ ਨਿਰੰਕਾਰ ਨੂੰ ਹਿਰਦੇ ਵਸਦਾ ਸਮਝ ਲੈਂਦਾ ਹੈ।

ਭਾਈ ਗੁਰਦਾਸ ਜੀ ਦਾ ਕਹਿਣ ਤੋਂ ਭਾਵ ਸਾਰੇ ਕਰਮਕਾਂਡ, ਜੋਤਿਸ਼ ਪੱਤ੍ਰੀ, ਬਾਮਣ, ਗਾਇਤ੍ਰੀ, ਲਗਨ, ਸ਼ਗਨ, ਥਿਤਵਾਰ, ਮੱਸਿਆ, ਪੁੰਨਿਆਂ, ਵੇਦ ਸਾਸ਼ਤ੍ਰ ਸਭ ਨੂੰ ਗਲੋਂ ਲਾਹ ਦਿੱਤਾ ਹੈ। ਅਜੋਕੇ ਬਹੁਤੇ ਸਿੱਖ ਗੁਰਮਤਿ ਦੇ ਲਾਸਾਨੀ ਸਿਧਾਂਤ ਹੁਕਮ ਨੂੰ ਭੁੱਲ ਬਾਮਣਵਾਦੀ ਹੋ ਗਏ ਤੇ ਭਾਈ ਗੁਰਦਾਸ ਜੀ ਦਾ ਵਿਚਾਰ ਵੀ ਨਹੀਂ ਮੰਨਦੇ। ਸਾਧ, ਸੰਤ, ਗ੍ਰੰਥੀ, ਪੁਜਾਰੀ ਭਾਈ ਭਾਂਵੇਂ ਖੂਹ 'ਚ ਛਾਲ ਮਾਰਨ ਨੂੰ ਕਹੇ ਤਾਂ ਬਿਨਾ ਸੋਚੇ ਛਾਲ ਮਾਰ, ਘਰ ਲੁੱਟਾਉਂਦੇ, ਸਾਰਾ ਕੀਮਤੀ ਸਮਾਨ ਸਾਧ ਡੇਰੇਦਾਰਾਂ ਦੇ ਹਵਾਲੇ ਕਰ ਦੇਣਗੇ।

ਮੱਸਿਆ, ਪੁੰਨਿਆਂ ਤੇ ਸੰਗ੍ਰਾਦਾਂ ਆਦਿਕ ਵਾਲੇ ਭਰਮ ਕਰਮ ਕਰੀਬ ਬਹੁਤੇ ਗੁਰਦਿਆਰਿਆਂ 'ਚ ਕੀਤੇ ਜਾਂਦੇ ਹਨ। ਸ਼ਬਦ ਗੁਰੂ ਗ੍ਰੰਥ ਤੋਂ ਉਲਟ ਭਾਈ ਤੇ ਪ੍ਰਬੰਧਕ ਗੁਰੂ ਹੁਕਮਾਂ ਤੋਂ ਬਾਗੀ ਹਨ। ਬਹੁਤੇ ਭਾਈ ਪ੍ਰਬੰਧਕ ਗੁਰਦੁਆਰਿਆਂ 'ਚ ਗੁਰੂਆਂ ਤੇ ਗੁਰਸਿੱਖਾਂ ਦੀ ਥਾਂ ਡੇਰੇਦਾਰ ਸਾਧਾਂ ਦੇ ਜਨਮ ਮਰਨ ਦਿਨ ਮਨਾਉਂਦੇ ਹਨ।

ਅੱਜ ਬਹੁਤਾ ਸਿੱਖ ਸਮਾਜ ਅਗਿਆਨਤਾ ਤੇ ਅੰਨ੍ਹੀ ਸ਼ਰਧਾ 'ਚ ਗਲਤਾਨ ਤੇ ਬਹੁਤੇ ਡੇਰੇਦਾਰਾਂ, ਭਾਈਆਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਨੇ ਗੁਰਬਾਣੀ ਨੂੰ ਕਮਾਈ ਸਾਧਨ ਬਣਾ ਮੱਥਾ ਟੇਕ ਪੂਜਾ ਕਰਨ ਤੱਕ ਸੀਮਤ ਕਰ ਲਿਆ ਹੈ ਤਾਂ ਹੀ ਚੰਗੇ ਮਾੜੇ ਦਿਨ ਗ੍ਰਹ ਤੇ ਗ੍ਰਹਣ ਮੰਨਦੇ ਲਕੀਰ ਦੇ ਫਕੀਰ ਬਣ ਗਏ ਹਨ।

# ਅਮਰੀਕਾ 'ਚ ਸਿੱਖ ਟੈਕਸੀ ਡਰਾਈਵਰ ਉੱਤੇ ਹਮਲਾ

**ਹਿਊਸਟਨ-** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਭਾਰਤੀ ਮੂਲ ਦੇ ਸਿੱਖ ਟੈਕਸੀ ਡਰਾਈਵਰ 'ਤੇ ਹਮਲਾ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ ਨੂੰ ਸ਼ੱਕੀ ਨਸਲੀ ਅਪਰਾਧ ਮੰਨਿਆ ਜਾ ਰਿਹੈ। ਬੈਲਿੰਗਮ ਹੇਰਾਲਡ ਨੇ ਪੁਲੀਸ ਦੇ ਹਵਾਲੇ ਨਾਲ ਕਿਹਾ ਕਿ ਗ੍ਰਿਫਿਨ ਲੇਵੀ ਸੇਅਰਜ਼ (22) ਨਾਂ ਦੇ ਅਮਰੀਕੀ ਨੌਜਵਾਨ ਨੇ 5 ਦਸੰਬਰ ਨੂੰ ਬੈਲਿੰਗਮ ਸ਼ਹਿਰ ਵਿੱਚ ਸਿੱਖ ਊਬਰ ਡਰਾਈਵਰ ਨੂੰ ਪਹਿਲਾਂ ਗਾਲ੍ਹਾਂ ਕੱਢੀਆਂ ਤੇ ਮਗਰੋਂ ਉਸ ਨਾਲ ਦੀ ਖਿੱਚਧੂਹ ਵੀ ਕੀਤੀ। ਪੁਲੀਸ ਅਧਿਕਾਰੀ ਕਲਾਉਡੀਆ ਮਰਫ਼ੀ ਨੇ ਇਸ ਰੋਜ਼ਨਾਮਚੇ ਨੂੰ ਦੱਸਿਆ ਕਿ ਖਿੱਚਧੂਹ ਦੌਰਾਨ ਸੇਅਰਜ਼ ਨੇ ਸਿੱਖ ਡਰਾਈਵਰ ਦਾ ਗ਼ਲ ਘੁੱਟਣ ਦੀ ਵੀ ਕੋਸ਼ਿਸ਼ ਕੀਤੀ ਤੇ ਪੀੜਤ ਦੀ ਚਮੜੀ ਦੇ ਰੰਗ ਬਾਰੇ ਨਸਲੀ ਟਿੱਪਣੀਆਂ ਕੀਤੀਆਂ। ਕੋਮੋ ਨਿਊਜ਼ ਨੇ




ਕਿਹਾ ਕਿ ਸਿੱਖ ਡਰਾਈਵਰ ਤੇ ਅਮਰੀਕੀ ਨੌਜਵਾਨ ਦਰਮਿਆਨ ਹੋਈ ਖਿੱਚਧੂਹ ਦੌਰਾਨ ਡਰਾਈਵਰ, ਜਿਸ ਦੀ ਪਛਾਣ ਜ਼ਾਹਰ ਨਹੀਂ ਕੀਤੀ ਗਈ, ਕਿਸੇ ਤਰ੍ਹਾਂ ਕਾਰ ਵਿੱਚੋਂ ਬਾਹਰ ਆ ਗਿਆ। ਉਸ ਨੇ ਮਦਦ ਲਈ 911 'ਤੇ ਫੋਨ ਕੀਤਾ। ਰਿਪੋਰਟ ਮੁਤਾਬਕ ਪੁਲੀਸ ਨੇ ਹਮਲਾਵਰ (ਸੇਅਰਜ਼) ਨੂੰ ਮਗਰੋਂ ਉਹਦੇ ਅਪਾਰਟਮੈਂਟ ਵਿਚਲੇ ਪੋਰਚ ਤੋਂ ਗ੍ਰਿਫਤਾਰ ਕਰ ਲਿਆ। ਬੈਲਿੰਗਮ ਪੁਲੀਸ ਨੇ ਸੇਅਰਜ਼ 'ਤੇ ਦੂਜੇ ਦਰਜੇ ਦੇ ਹਮਲੇ ਤਹਿਤ ਦੋਸ਼ ਆਇਦ ਕੀਤੇ ਸਨ। ਉਂਜ, ਸੇਅਰਜ਼ ਨੂੰ 6 ਦਸੰਬਰ ਨੂੰ 13 ਹਜ਼ਾਰ ਅਮਰੀਕੀ ਡਾਲਰ ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਸਿੱਖ ਡਰਾਈਵਰ ਨੇ ਪੁਲੀਸ ਨੂੰ ਦੱਸਿਆ ਕਿ ਸੇਅਰਜ਼ ਨੇ 5 ਦਸੰਬਰ ਦੀ ਸ਼ਾਮ ਨੂੰ ਉਹਦੀ ਟੈਕਸੀ ਹਾਇਰ ਕੀਤੀ ਸੀ। ਪੁਲੀਸ ਅਧਿਕਾਰੀ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਐੱਚ-1ਬੀ ਵੀਜ਼ਾ ਲਈ ਇਲੈਕਟ੍ਰਾਨਿਕ ਪ੍ਰਕਿਰਿਆ ਤਿਆਰ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੀ ਸੰਘੀ ਇਮੀਗ੍ਰੇਸ਼ਨ ਏਜੰਸੀ ਨੇ ਐਲਾਨ ਕੀਤਾ ਹੈ ਕਿ ਉਸ ਨੇ 2021 ਦੇ ਵੀਜ਼ੇ ਲਈ ਐੱਚ-1ਬੀ ਇਲੈਕਟ੍ਰਾਨਿਕ ਰਜਿਸਟ੍ਰੇਸ਼ਨ ਪ੍ਰਕਿਰਿਆ ਲਾਗੂ ਕਰਨ ਦੀ ਤਿਆਰੀ ਪੂਰੀ ਕਰ ਲਈ ਹੈ। ਹੁਣ ਵਿੱਤ ਸਾਲ 2021 ਲਈ ਵਿਦੇਸ਼ੀ ਕਰਮਚਾਰੀਆਂ ਲਈ ਐੱਚ-1ਬੀ ਵੀਜ਼ੇ ਵਾਸਤੇ ਅਰਜ਼ੀ ਦੇਣ ਵਾਲੀਆਂ ਕੰਪਨੀਆਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣ ਦੇ ਨਾਲ ਹੀ 10 ਡਾਲਰ ਦੀ ਫੀਸ ਵੀ ਦੇਣੀ ਹੋਵੇਗੀ। ਦੱਸਣਯੋਗ ਹੈ ਕਿ ਐੱਚ-1ਬੀ ਵੀਜ਼ਾ ਕਿ ਗ਼ੈਰ-ਅਪਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਨੂੰ ਉਨ੍ਹਾਂ ਦੀ ਕੁਸ਼ਲਤਾ ਕਾਰਨ ਆਪਣੇ ਇੱਥੇ ਕੰਮ 'ਤੇ ਰੱਖਣ ਦੀ ਇਜਾਜ਼ਤ ਪ੍ਰਦਾਨ ਕਰਦਾ ਹੈ। ਭਾਰਤ ਅਤੇ ਚੀਨ ਵਰਗੇ ਦੇਸ਼ਾਂ ਦੇ ਹਜ਼ਾਰਾਂ ਕਰਮਚਾਰੀ ਅਮਰੀਕਾ ਦੀਆਂ ਤਕਨੀਕੀ ਕੰਪਨੀਆਂ ਵਿਚ ਇਸੇ ਵੀਜ਼ੇ ਤਹਿਤ ਕੰਮ ਕਰ ਰਹੇ ਹਨ।




ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂਐੱਸਸੀਆਈਐੱਸ) ਵਿੱਤ ਸਾਲ 2021 ਲਈ ਇਕ ਅਪ੍ਰੈਲ 2020 ਤੋਂ ਐੱਚ-1ਬੀ ਵੀਜ਼ਾ ਅਰਜ਼ੀਆਂ ਲੈਣਾ ਸ਼ੁਰੂ ਕਰਨਗੀਆਂ। ਐੱਚ-1ਬੀ ਵੀਜ਼ਾ ਅਰਜ਼ੀਆਂ ਨੂੰ ਮਨਜ਼ੂਰੀ ਪ੍ਰਦਾਨ ਕਰਨ ਵਾਲੀ ਇਸ ਏਜੰਸੀ ਨੇ ਦੱਸਿਆ ਕਿ ਇਲੈਕਟ੍ਰਾਨਿਕ ਰਜਿਸਟ੍ਰੇਸ਼ਨ ਪ੍ਰਕਿਰਿਆ ਨਾਲ ਕਾਗਜ਼ੀ ਕੰਮ ਘੱਟ ਹੋਵੇਗਾ ਅਤੇ ਅਰਜ਼ੀਆਂ ਦੇਣ ਵਾਲਿਆਂ ਦਾ ਪੈਸਾ ਵੀ ਬਚੇਗਾ। ਨਵੀਂ ਪ੍ਰਕਿਰਿਆ ਤਹਿਤ ਐੱਚ-1ਬੀ ਵੀਜ਼ੇ ਰਾਹੀਂ ਕਰਮਚਾਰੀ ਨਿਯੁਕਤ ਕਰਨ ਵਾਲੇ ਮਾਲਕਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ ਜਿਸ ਵਿਚ ਉਨ੍ਹਾਂ ਦੀ ਕੰਪਨੀ ਅਤੇ ਅਰਜ਼ੀ ਦੇਣ ਵਾਲੇ ਕਰਮਚਾਰੀ ਦੇ ਬਾਰੇ ਵਿਚ ਕੇਵਲ ਮੌਲਿਕ ਸੂਚਨਾ ਮੰਗੀ ਜਾਏਗੀ।

# ਸਥਾਪਨਾ ਦਿਵਸ: ਅਕਾਲੀ ਤੇ ਟਕਸਾਲੀ ਧੜੇ ਪੱਬਾਂ ਭਾਰ

ਅੰਮ੍ਰਿਤਸਰ- ਸ਼੍ਰੋਮਣੀ ਅਕਾਲੀ ਦਲ ਅਗਲੇ ਵਰ੍ਹੇ ਸੌ ਸਾਲ ਦਾ ਹੋ ਜਾਵੇਗਾ। ਇਸ ਵਰ੍ਹੇ 14 ਦਸੰਬਰ ਨੂੰ ਜਥੇਬੰਦੀ ਦਾ 99ਵਾਂ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਲੋਂ ਇਹ ਸਥਾਪਨਾ ਦਿਵਸ ਇੱਥੇ 14 ਦਸੰਬਰ ਨੂੰ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਮਨਾਇਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਇਸ ਸਬੰਧ ਵਿਚ ਦਰਬਾਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਥੇਬੰਦੀ ਦਾ ਸਥਾਪਨਾ ਦਿਵਸ ਮਨਾਇਆ ਜਾਵੇਗਾ। ਇਸ ਸਬੰਧ ਵਿਚ 12 ਦਸੰਬਰ ਨੂੰ ਅਖੰਡ ਪਾਠ ਆਰੰਭ ਹੋਵੇਗਾ, ਜਿਸ ਦੇ ਭੋਗ 14 ਦਸੰਬਰ ਨੂੰ ਪੈਣਗੇ। ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜਥੇਬੰਦੀ ਦੇ ਹੋਰ ਆਗੂ ਤੇ ਕਾਰਕੁਨ ਇੱਥੇ ਤਿੰਨ ਦਿਨ ਰਹਿਣਗੇ। ਇਸ ਦੌਰਾਨ ਗੁਰੂ ਘਰ ਵਿਚ ਸੇਵਾ ਕਰਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਬੁਲਾਰੇ ਅਤੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਜਥੇਬੰਦੀ ਦੇ ਸਥਾਪਨਾ ਦਿਵਸ 'ਤੇ ਸਮੂਹ ਜਥੇਬੰਦੀ ਵਲੋਂ ਗੁਰੂ ਘਰ ਵਿਚ ਸੰਗਤ ਦੀ ਸੇਵਾ ਕਰ ਕੇ ਇਹ ਦਿਵਸ ਮਨਾਇਆ ਜਾਂਦਾ ਹੈ। ਇਸੇ ਸਿਧਾਂਤ ਤਹਿਤ ਇਸ ਵਾਰ ਵੀ ਇੱਥੇ ਅੰਮ੍ਰਿਤਸਰ ਵਿਚ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਇਸ ਸਮਾਗਮ ਵਿਚ ਪਾਰਟੀ ਪ੍ਰਧਾਨ ਸਣੇ ਹੋਰ ਅਹੁਦੇਦਾਰ, ਜ਼ਿਲ੍ਹਾ ਅਹੁਦੇਦਾਰ, ਕੋਰ ਕਮੇਟੀ ਮੈਂਬਰ, ਵਿਧਾਇਕ, ਐੱਸਜੀਪੀਸੀ ਮੈਂਬਰ ਅਤੇ ਸੰਸਦ ਮੈਂਬਰ ਆਦਿ ਸਾਰੇ ਹੀ ਸ਼ਾਮਲ ਹੋਣਗੇ। ਇਹ ਸਾਰੇ ਹੀ ਗੁਰੂ ਘਰ ਵਿਚ ਸੰਗਤ ਦੀ ਸੇਵਾ ਵੀ ਕਰਨਗੇ। ਉਨ੍ਹਾਂ ਦੱਸਿਆ ਕਿ 14 ਦਸੰਬਰ ਨੂੰ ਇਕ ਡੈਲੀਗੇਟ ਮੀਟਿੰਗ ਵੀ ਹੋਵੇਗੀ, ਜਿਸ ਵਿਚ ਪਾਰਟੀ ਪ੍ਰਧਾਨ ਤੇ ਹੋਰ ਅਹੁਦੇਦਾਰ ਨਾਮਜ਼ਦ ਹੋਣਗੇ। ਜਥੇਬੰਦੀ ਦੇ ਸ਼ਤਾਬਦੀ ਸਮਾਗਮ ਬਾਰੇ ਉਨ੍ਹਾਂ ਆਖਿਆ ਕਿ ਇਸ ਸਬੰਧ ਵਿਚ ਵੀ ਜਲਦੀ ਹੀ ਮੀਟਿੰਗ ਕੀਤੀ ਜਾਵੇਗੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ 8 ਦਸੰਬਰ 2019 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ, ਯੂਬਾ ਸਿਟੀ ਵਿਖੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਦੇ ਨਾਲ ਹੀ ਸਤਿਗੁਰੂ ਗਿਆਨ ਨਾਥ ਜੀ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਦੱਬੇ ਕੁਚਲੇ ਤੇ ਘੱਟ ਗਿਣਤੀ ਲੋਕਾਂ ਦੇ ਮਸੀਹਾ ਡਾ. ਬੀ. ਆਰ. ਅੰਬੇਡਕਰ ਜੀ ਦੀ ਬਰਸੀ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਗਈ। ਇਹ ਤਿੰਨੇ ਸ਼ਖਸੀਅਤਾਂ ਦਲਿਤਾਂ ਤੇ ਘੱਟ ਗਿਣਤੀ ਕੌਮਾਂਦੇ ਹੀਰੇ ਹਨ। ਬਹੁਤ ਸਾਰੇ ਬੁਲ–ਾਰਿਆਂ ਨੇ ਇਹਨਾਂ ਸ਼ਖਸੀਅਤਾਂ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦਾਂ 'ਚ ਸ਼ਰਧਾ ਦੇ ਫੁੱਲ ਭੇਂਟ ਕੀਤੇ। ਗੁਰੂ ਰਵਿਦਾਸ ਸਭਾ ਰਿਓਲਿੰਡਾ, ਰਵਿਦਾਸ ਸਭਾ ਯੂਬਾ ਸਿਟੀ ਦੀਆਂ ਸੰਗਤਾਂ ਨੇ ਵੀ ਸ਼ਮੂਲੀਅਤ ਕੀਤੀ। ਸ੍ਰੀ ਰਾਜ ਕੁਮਾਰ ਸੂਦ (ਰਵਿਦਾਸ ਸਭਾ ਰਿਓਲਿੰਡਾ), ਗੁਰਨਾਮ ਸਿੰਘ ਭੰਡਾਲ, ਵਾਈਸ ਪ੍ਰਧਾਨ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਕੇਵਲ ਸਿੱਧੂ ਵਲੇਹੋ, ਬਲਵੀਰ ਸੁੰਮਨ ਨੇ ਆਪਣੇ ਵਿਚਾਰ ਰੱਖੇ।

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਨੇ ਸ਼ਹੀਦ ਬਾਬਾ ਜੀਵਨ ਸਿੰਘ ਦੀ ਕੁਰਬਾਨੀ ਅਤੇ ਉਹਨਾਂ ਦੇ ਪਰਿਵਾਰ ਦਾ ਗੁਰੂ ਸਾਹਿਬਾਂ ਨਾਲ ਰਿਸ਼ਤਾ ਨਾਤਾ ਤੇ ਸ਼ਹੀਦੀਆਂ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਜਾਣਕਾਰੀ ਅਤੇ ਸਤਿਗੁਰੂ ਗਿਆਨ ਨਾਥ ਜੀ ਦੇ ਜੀਵਨ, ਭਗਤੀ ਤੇ ਵਾਲਮੀਕ ਆਸ਼ਰਮ ਨੂੰ ਬਾਬਿਆਂ ਤੇ ਮਨੂੰਵਾਦੀਆਂ ਤੋਂ ਆਜ਼ਾਦ ਕਰਾਉਣ



ਲਈ ਘਾਲੀ ਗਈ ਘਾਲਣਾ ਬਾਰੇ ਵਿਸਥਾਰ ਸਹਿਤ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਡਾ. ਅੰਬੇਡਕਰ ਜੀ ਦੇ ਅਨੇਕਾਂ ਕਠਿਨਾਈਆਂ ਤੇ ਜਾਤੀਵਾਦ ਭਰਪੂਰ ਵਿਤਕਰੇ ਭਰੇ ਜੀਵਨ ਤੇ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ।

ਬੁਲਾਰਿਆਂ ਤੋਂ ਇਲਾਵਾ ਕਲਾਕਾਰਾਂ ਭੁਪਿੰਦਰ ਭਿੰਦਾ, ਅਸ਼ੋਕ ਕੁਮਾਰ, ਜੋਗਿੰਦਰ ਸ਼ੌਂਕੀ ਅਤੇ ਸ਼ਾਮ ਲਾਲ ਵੱਲੋਂ ਸ਼ਬਦਾਂ ਤੇ ਗੀਤਾਂ ਰਾਹੀਂ ਕੌਮ ਦੀਆਂ ਤਿੰਨੇ ਹੀ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਵੱਲੋਂ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਤੇ ਆਧਾਰਿਤ ਵਾਰਾਂ ਗਾਈਆਂ ਗਈਆਂ। ਪ੍ਰੋਗਰਾਮ ਦੇ ਦੌਰਾਨ ਸਾਰਾ ਦਿਨ ਲੰਗਰਾਂ ਦਾ ਭੰਡਾਰਾ ਚਲਦਾ ਰਿਹਾ। ਲੰਗਰਾਂ ਦੀ ਸੇਵਾ ਸ੍ਰੀ ਰਾਜ ਕੁਮਾਰ ਪੰਡੋਰੀ ਵੱਲੋਂ ਕੀਤੀ ਗਈ। ਇਸ ਸਾਰੇ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਨੌਜਵਾਨ ਰਮਨ ਥਾਪਰ, ਦਵਿੰਦਰ ਸ਼ੁੱਭ, ਵਿਸ਼ਾਲ ਸ਼ਰਬਤੀ, ਭੁਪਿੰਦਰ ਭਿੰਦਾ, ਰਵੀ ਚੌਹਾਨ, ਬਲਬੀਰ ਧਾਰੀਵਾਲ ਤੇ ਸੰਤੋਖ ਸਿੰਘ ਗਿੱਲ ਵੱਲੋਂ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਸੇਵਾ ਨਿਭਾਈ ਗਈ। ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਬਲਬੀਰ ਧਾਰੀਵਾਲ ਜਨਰਲ ਸਕੱਤਰ ਵੱਲੋਂ ਬਾਖ਼ੂਬੀ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਆਈਆਂ ਸੰਗਤਾਂ, ਬੁਲਾਰਿਆਂ, ਕਲਾਕਾਰਾਂ ਤੇ ਢਾਡੀ ਜਥੇ ਦਾ ਧੰਨਵਾਦ ਕੀਤਾ ਗਿਆ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਪ੍ਰੇਮ ਲਾਲ ਸੌਂਧੀ ਵੱਲੋਂ ਦਿੱਤੀ ਗਈ।

**(ਤਸਵੀਰਾਂ ਦੇਖੋ ਸਫਾ 14 'ਤੇ)**



ਪੁਲਿਸ ਕਮਿਸ਼ਨਰ ਅੰਮ੍ਰਿਤਸਰ ਡਾ ਸੁਖਚੈਨ ਸਿੰਘ ਗਿੱਲ ਨੇ ਗੁਰੂ ਨਗਰੀ ਅੰਮ੍ਰਿਤਸਰ 'ਚ ਔਰਤਾਂ ਦੀ ਸੁਰੱਖਿਆ ਲਈ ਪਿੱਕ ਐਂਡ ਡਰੋਪ ਸੇਵਾ ਸ਼ੁਰੂ ਕੀਤੀ। ਪੁਲਿਸ ਡਿਊਟੀ ਰਾਤ ਨੂੰ 9 ਤੋਂ 6 ਵਜੇ ਤੱਕ ਤਾਇਨਾਤ ਹੋਵੇਗੀ। ਤੁਸੀ 1091,112,181 ਨੰਬਰਾਂ ਤੇ ਕਾਲ ਕਰ ਸਕਦੇ ਹੋ।

## ਬਾਬਾ ਸਾਹਿਬ ਅੰਬੇਡਕਰ ਦਾ ਸਾਹਿਤ ਮੁੜ ਛਾਪਿਆ ਜਾਵੇ

ਜਲੰਧਰ– ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੇ ਯਤਨਾਂ ਸਦਕਾ, ਬਾਬਾ ਸਾਹਿਬ ਡਾ: ਬੀ.ਆਰ. ਅੰਬੇਡਕਰ ਦੀਆਂ ਹੱਥ–ਲਿਖਤਾਂ (ਖਰੜੇ) ਨੂੰ ਮਹਾਰਾਸ਼ਟਰ ਸਰਕਾਰ ਨੇ "ਡਾ .ਬਾਬਸਾਹਿਬ ਅੰਬੇਡਕਰ ਰਾਇਟਿੰਗਸ ਐਂਡ ਸਪੀਚੇਸ " ਦੇ ਸਿਰਲੇਖ ਹੇਠ 22 ਖੰਡਾਂ ਵਿਚ ਪ੍ਰਕਾਸ਼ਿਤ ਕੀਤਾ ਸੀ. ਇਹ ਸਾਹਿਤ ਸਮਾਨਤਾ, ਸੁਤੰਤਰਤਾ, ਭਰੱਪਣ ਅਤੇ ਨਿਆਂ ਦਾ ਸੰਦੇਸ਼ ਪੂਰੀ ਦੁਨੀਆਂ ਵਿੱਚ ਫੈਲਾਉਂਦਾ ਹੈ। ਇਸ ਤੋਂ ਬਾਅਦ, ਅੰਬੇਡਕਰ ਫਾਉਂਡੇਸ਼ਨ, ਮਿਨਿਸਟ੍ਰੀ ਓਫ ਸੋਸ਼ਲ ਜਸਟਿਸ ਐਂਡ ਐਮਪਾਵਰਮੈਂਟ, ਨਵੀਂ ਦਿੱਲੀ ਨੇ ਜਨਵਰੀ, 2014 ਵਿੱਚ 1 ਤੋਂ 17 ਖੰਡਾਂ ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ ।



ਹੁਣ ਡਾ. ਅੰਬੇਡਕਰ ਦੇ ਸਾਹਿਤ ਦੇ ਸਾਰੇ ਖੰਡ "ਡਾ .ਬਾਬਸਾਹਿਬ ਅੰਬੇਡਕਰ ਰਾਇਟਿੰਗਸ ਐਂਡ ਸਪੀਚੇਸ" ਖਤਮ ਹੋ ਗਏ ਹਨ। ਸਮਤਾ ਸੈਨਿਕ ਦਲ, ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਹ ਜਾਣਕਾਰੀ ਇੱਕ ਪ੍ਰੈਸ ਬਿਆਨ 'ਚ ਦਿੱਤੀ. ਵਰਿਆਣਾ ਨੇ ਕਿਹਾ ਕਿ ਉਕਤ ਖੰਡਾਂ ਨੂੰ ਮੁੜ ਛਾਪਣ ਵਾਸਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਅਤੇ ਅੰਬੇਡਕਰ ਭਵਨ ਟਰੱਸਟ ਦੇ ਕਾਰਜਕਰਤਾਵਾਂ ਨੇ ਮਾਨਯੋਗ ਡਿਪਟੀ ਕਮਿਸ਼ਨਰ ਦੁਆਰਾ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੂੰ ਮੈਮੋਰੰਡਮ ਦਿੱਤਾ. ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਵਰਿੰਦਰ ਕੁਮਾਰ, ਪ੍ਰੋ. ਸੋਹਨ ਲਾਲ (ਰਿਟਾ. ਡੀ. ਪੀ. ਆਈ. ਕਾਲਿਜਾਂ), ਡਾ. ਜੀ.ਸੀ. ਕੌਲ, ਚਰਨ ਦਾਸ ਸੰਧੂ, ਡਾ. ਮਹਿੰਦਰ ਸੰਧੂ, ਵਿਜੈ ਵਾਲੀਆ ਅਤੇ ਐਡਵੋਕੇਟ ਕੁਲਦੀਪ ਭੱਟੀ ਹਾਜਰ ਸਨ।



ਕੇਂਦਰ ਸਰਕਾਰ ਵੱਲੋਂ ਗੀਤਾ ਭਵਨ ਮਾਡਲ ਟਾਊਨ ਫਗਵਾੜਾ ਵਿਖੇ ਹੈਂਡੀਕੈਪ ਜ਼ਰੂਰਤਮੰਦ ਵਿਅਕਤੀਆਂ ਲਈ ਲਗਾਏ ਗਏ ਵਿਸ਼ੇਸ਼ ਕੈਂਪ ਵਿੱਚ ਸ਼ਿਰਕਤ ਕਰਦੇ ਹੋਏ ਸ੍ਰੀ ਰਾਜੇਸ਼ ਬਾਘਾ ਸੂਬਾ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਉਹਨਾਂ ਦੇ ਨਾਲ ਮੇਅਰ ਸ੍ਰੀ ਅਰੁਣ ਖੋਸਲਾ, ਭਾਰਤੀ ਮਜ਼ਦੂਰ ਸੰਘ ਸਕੱਤਰ ਸ੍ਰੀ ਰਾਜ ਨਾਰਾਇਣ ਯਦਾਵ, ਮੰਡਲ ਪ੍ਰਧਾਨ ਸ੍ਰੀ ਪਰਮਜੀਤ ਸਿੰਘ ਚਾਚੋਕੀ, ਮੰਡਲ ਪ੍ਰਧਾਨ ਮਹਿਲਾ ਮੋਰਚਾ ਡਾਬਰੀ ਦੇਵੀ, ਸ੍ਰੀ ਪ੍ਰਮੋਦ ਮਿਸ਼ਰਾ, ਕੌਂਸਲਰ ਸਰਬਜੀਤ ਕੌਰ, ਸ੍ਰੀ ਅਸ਼ੋਕ ਦੁੱਗਲ, ਸ੍ਰੀ ਚੰਦਰੇਸ ਕੌਲ, ਸ੍ਰੀ ਜਤਿਨ ਵੋਰਾ, ਸ੍ਰੀ ਆਸ਼ੂ ਪੁਰੀ ਅਤੇ ਹੋਰ।




# ਸੂਫ਼ੀ ਗਾਇਕ ਵਿੱਕੀ ਬਾਦਸ਼ਾਹ ਦਾ ਦਿਹਾਂਤ ਪ੍ਰਮੋਟਰ ਜੱਸੀ ਬੰਗਾ ਤੇ ਹੋਰਨਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਵੈਨਕੂਵਰ (ਹਰਨੇਕ ਸਿੰਘ ਵਿਰਦੀ)–** ਪੰਜਾਬ ਦੇ ਮੇਲਿਆਂ ਦੀ ਸ਼ਾਨ ਸਮਝੇ ਜਾਂਦੇ ਤੇ ਛੋਟੀ ਉਮਰ ਵਿੱਚ ਸੂਫ਼ੀ ਗਾਇਕੀ ਵਿੱਚ ਵਿਸ਼ਵ ਭਰ ਵਿੱਚ ਨਾਮਣਾ ਖੱਟਣ ਵਾਲੇ ਪੰਜਾਬੀ ਗਾਇਕ ਵਿੱਕੀ ਬਾਦਸ਼ਾਹ ਦੀ ਹੋਈ ਬੇਵਖ਼ਤੀ ਮੌਤ 'ਤੇ ਜੀਵੇ ਪੰਜਾਬ ਇੰਟਰਨੈਂਟਮੈਂਟ ਦੇ ਮਾਲਕ ਤੇ ਉਘੇ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਵਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਨੇ ਆਖਿਆ ਕਿ ਗਾਇਕ ਵਿੱਕੀ ਬਾਦਸ਼ਾਹ ਬਹੁਤ ਹੀ ਥੋੜੇ ਸਮੇਂ ਵਿੱਚ ਲੋਕਾਂ ਦਾ ਹਰਮਨ ਪਿਆਰਾ ਗਾਇਕ ਬਣ ਗਿਆ ਸੀ। ਉਹਨਾਂ ਆਖਿਆ ਕਿ ਗਾਇਕ ਵਿੱਕੀ ਬਾਦਸ਼ਾਹ ਨਾਲ ਉਹਨਾਂ ਦਾ ਜਾਤੀ ਪਿਆਰ ਸੀ, ਉਹ ਜਦੋਂ ਵੀ ਪੰਜਾਬ ਜਾਂਦੇ ਤਾਂ ਵਿੱਕੀ ਬਾਦਸ਼ਾਹ ਅਕਸਰ ਉਹਨਾਂ ਨੂੰ ਮਿਲਣ ਆਇਆ ਕਰਦਾ ਸੀ ਤੇ ਕਈ ਕਈ ਘੰਟੇ ਸਮਾਂ ਬਤੀਤ ਕਰਦਾ ਸੀ। ਇਸ ਮੌਕੇ ਕੈਨੇਡਾ ਤੋਂ ਪ੍ਰਿੰਸ ਰੂਫ਼ਿੰਗ ਦੇ ਮਾਲਕ ਬਲਵੀਰ ਬੈਂਸ, ਸੋਢੀ ਦਦਰਾਲ, ਰਾਜ ਬੰਗਾ, ਰੌਨੀ ਬੰਗਾ ਯੂ.ਐਸ.ਏ., ਹਰਨੇਕ ਸਿੰਘ ਵਿਰਦੀ, ਗਾਇਕ ਸੁਖਦੇਵ ਸਾਹਿਲ, ਗਾਇਕ ਲਖਵਿੰਦਰ ਲੱਕੀ, ਆਸ਼ਾ ਸ਼ਰਮਾ, ਸੋਨੂੰ ਚੱਠਾ, ਪ੍ਰਦੀਪ ਚੱਠਾ, ਦੀਪ ਸੋਚ, ਜੱਸੀ ਕਾਤਰੋਂ, ਸੁਰਿੰਦਰ ਮਹੇ, ਅਵਤਾਰ ਲਾਖਾ, ਪਰਮਜੀਤ ਲਾਖਾ, ਜੁਗਨੂੰ ਖੇੜਾ, ਬਿੱਟੂ ਸਪੀਡੋ, ਮਨਜੀਤ ਰੱਲ, ਮਾਇਕਲ ਮਸੀਹ, ਗੀਤਕਾਰ ਮੱਖਣ ਲੁਹਾਰ, ਸੋਨੂੰ ਲੰਬੜਦਾਰ, ਬਿਸ਼ਨ ਪਰਮਾਰ, ਨਵੀ ਰੀਨੂ, ਬਸੰਤੀ ਬ੍ਰਦਰਜ਼ ਰੀਨੋ ਆਦਿ ਤੋਂ ਇਲਾਵਾ ਹੋਰਨਾਂ ਸ਼ਖ਼ਸ਼ੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।



# ਸ. ਪਿਆਰਾ ਸਿੰਘ ਕੁਢੈਲ ਸਿਲਾਈ ਸੈਂਟਰ ਵਿਖੇ ਸਲਾਨਾ ਸਰਟੀਫ਼ਿਕੇਟ ਤਕਸੀਮ ਸਮਾਰੋਹ ਆਯੋਜਿਤ

**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਸ. ਪਿਆਰਾ ਸਿੰਘ ਕੁਢੈਲ ਸਿਲਾਈ ਸੈਂਟਰ ਵਿਖੇ ਸਲਾਨਾ ਸਰਟੀਫ਼ਿਕੇਟ ਤਕਸੀਮ ਸਮਾਰੋਹ ਵਿਲੱਖਣ ਅੰਦਾਜ਼ ਵਿੱਚ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਡੇ ਇਕੱਠ ਦੀ ਥਾਂ ਸੈਂਟਰ ਵਿੱਚ ਹੀ ਬੱਚਿਆ ਦੇ ਰੂਬਰੂ ਬੈਠ ਕੇ ਉਹਨਾ ਨਾਲ ਸਿੱਧੇ ਸੰਵਾਦ ਰਚਾਏ ਗਏ। ਅਤਿ ਸਤਿਕਾਰਯੋਗ ਮਾਸਟਰ ਬਖਤਾਵਰ ਸਿੰਘ ਜੀ ਨੇ ਜਿੱਥੇ ਬੱਚਿਆ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕੀਤਾ ਉੱਥੇ ਉਹਨਾਂ ਨੂੰ ਗੁਣਾ ਦੇ ਧਾਰਨੀ ਹੋਣ ਦੀ ਸਿੱਖਿਆ ਵੀ ਦਿੱਤੀ। ਸ. ਤਿਲਕਰਾਜ ਸਿੰਘ ਚਾਹਲ ਜੀ ਨੇ ਆਪਣੇ ਸੰਬੋਧਨ ਵਿੱਚ ਬੱਚਿਆ ਨੂੰ ਆਪਣੇ ਗੁਣਾਂ ਦਾ ਕਾਰੋਬਾਰ ਅਤੇ ਰੁਜ਼ਗਾਰ ਵਿੱਚ ਬਦਲਣ ਦਾ ਤਰੀਕਾ ਦੱਸਿਆ। ਸ. ਇਕਬਾਲ ਸਿੰਘ ਨੇ ਸੰਬੋਧਨ ਕਰਦਿਆਂ ਬੱਚਿਆ ਨੂੰ ਲਗਨ ਨਾਲ ਕੰਮ ਕਰਨ ਅਤੇ ਜ਼ਿੰਦਗੀ ਪ੍ਰਤੀ ਜ਼ੁੰਮੇਵਾਰ ਬਣਨ ਦੀ ਸਿੱਖਿਆ ਦਿੱਤੀ। ਸ. ਅਵਤਾਰ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਹੁਨਰ ਅਤੇ ਕਲ਼ਾ ਜ਼ਿੰਦਗੀ ਭਰ ਨਿਖਾਰਨ ਅਤੇ ਬਿਨਾ ਕਿਸੇ ਮਕਸਦ ਤੋਂ ਵੀ ਸਿੱਖਦੇ ਰਹਿਣ ਦੀ ਲੋੜ ਤੇ ਜ਼ੋਰ ਪਾਇਆ। ਗੁਰਵਿੰਦਰ ਸਿੰਘ ਨਿੱਪੀ ਅਤੇ ਇਕਬਾਲ ਸਿੰਘ ਨੇ ਸ. ਸੰਤੋਖ ਸਿੰਘ ਕੁਢੈਲ ਵੱਲੋਂ ਅਰੰਭੇ ਕਾਰਜਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਉਹਨਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਅਖੀਰ ਵਿੱਚ ਚੌਥੇ ਬੈਚ ਦੀਆ ਬੱਚੀਆਂ ਨੂੰ ਸਰਟੀਫ਼ਿਕੇਟ ਵੰਡੇ ਗਏ ਜਿਸ ਵਿੱਚ ਪਤਵੰਤੇ ਸੱਜਣਾਂ ਤੋਂ ਇਲਾਵਾ ਮੈਡਮ ਰਮਨਜੀਤ ਕੌਰ ਜੀ ਨੇ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਸਮਾਰੋਹ ਦੇ ਅੰਤ ਵਿੱਚ ਗਰਮ ਚਾਹ ਪਕੌੜੇ ਅਤੇ ਮਠਿਆਈ ਦੇ ਲੰਗਰ ਵਰਤੇ।



# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਇਆ

**ਫਰਿਜ਼ਨੋ–** ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਗੁਰੂ ਘਰ ਦੀਆਂ ਸਮੂਹ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਗਿਆ। ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਵ੍ਰਪਰੰਤ ਭਾਰੀ ਦੀਵਾਨ ਸਜਾਇਆ ਗਿਆ। ਗਿਆਨੀ ਰਾਮ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਅਮਨਜੋਤ ਸਿੰਘ, ਗਿਆਨੀ ਹਰਬਲਾਸ ਸਿੰਘ, ਗਿਆਨੀ ਵਜ਼ੀਰ ਸਿੰਘ ਅਤੇ ਗਿਆਨੀ ਸੋਢੀ ਸਿੰਘ ਕਰਮਨ ਵਾਲੇ ਦੇ ਰਾਗੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਜੋੜਿਆ ਅਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਆ। ਇਸ ਸ਼ੁਭ ਮੌਕੇ 'ਤੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸ੍ਰੀ ਪ੍ਰੇਮ ਸੋਢੀ, ਸ੍ਰੀ ਹਰਬੰਸ ਬੱਧਣ ਅਤੇ ਦੇਸ ਰਾਜ ਬੰਗੜ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਕੁੱਲ ਆਲਮ ਨੂੰ ਉਚ-ਨੀਚ, ਜਾਤ-ਪਾਤ ਦੇ ਭਰਮਾਂ 'ਚੋਂ ਕੱਢ ਕੇ ਇਕ ਸਮਾਨਤਾ ਵਾਲਾ ਸਮਾਜ ਸਿਰਜਿਆ ਸੀ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਸੀ। ਮਲਕ ਭਾਗੋ ਵੱਲੋਂ ਪਾਪਾਂ ਦੀ ਕਮਾਈ ਨਾਲ ਤਿਆਰ ਕੀਤੇ ਭੋਜਨ ਨੂੰ ਠੁਕਰਾ ਕੇ ਕਿਰਤੀ ਭਾਈ ਲਾਲੋ ਦੀਆਂ ਕੋਧਰੇ ਦੀਆਂ ਰੋਟੀਆਂ ਨੂੰ ਵਡਿਆਉਣਾ ਅੱਜ ਵੀ ਸਾਰੇ ਰਾਹਾਂ ਨੂੰ ਜਗਮਗਾ ਰਿਹਾ ਹੈ।

ਗੁਰਪੁਰਬ ਬਹੁਤ ਹੀ ਵੱਡੇ ਇਕੱਠ ਕਰਕੇ ਮਨਾਏ ਜਾਂਦੇ ਰਹੇ ਹਨ ਪਰ ਅਸੀਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੋਂ ਅੱਜ ਵੀ ਸੱਖਣੇ ਹਾਂ। ਅੱਜ ਵੀ ਉਸੇ ਪੰਜਾਬ ਦੀ ਧਰਤੀ 'ਤੇ ਧਨਾਢ ਲੋਕਾਂ ਵੱਲੋਂ ਗਰੀਬਾਂ ਨਾਲ ਅਣਮਨੁੱਖੀ ਤਸ਼ੱਦਦ ਕੀਤੇ ਜਾਂਦੇ ਹਨ। ਇਹਨਾਂ ਸ਼ਖਸੀਅਤਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਵੱਖ-ਵੱਖ ਮੂਰਤੀਆਂ ਦੀ ਪੂਜਾ ਛੱਡ ਕੇ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ ਗੁਰੂ ਦੀਆਂ ਸਿੱਖਿਆਵਾਂ ਨੂੰ ਆਪਣੇ ਅਸਲੀ ਜੀਵਨ 'ਚ ਅਪਣਾਉਣਾ ਚਾਹੀਦਾ ਹੈ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ੍ਰੀ ਪਿਆਰਾ ਸਿੰਘ ਵਿਰਦੀ, ਕੁਲਦੀਪ ਬੰਗੜ, ਸੁਰਜੀਤ ਬੰਗੜ, ਸੁੱਚਾ ਸਿੰਘ ਭਾਟੀਆ, ਸੁਖਜਿੰਦਰ ਸਿੰਘ, ਰਤਨ ਪਾਲ ਜੱਸੀ, ਰਾਜ ਕੁਮਾਰ ਜੱਸੀ, ਮਲਕੀਤ ਬੰਗੜ, ਰਣਜੀਤ ਚੀਮਾ, ਕੁਲਦੀਪ ਸਿੰਘ ਹੈਨਫੋਰਡ, ਖਿਆਲੀ ਰਾਮ ਹੀਰ, ਰਾਮ ਆਸਰਾ, ਅਮਰ ਦੜੌਚ, ਸੁਰਜੀਤ ਸਿੰਘ ਅਤੇ ਕੈਪਟਨ ਰਾਮ ਸਿੰਘ ਨੇ ਆਪਣੀ ਹਾਜ਼ਰੀ ਭਰੀ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

(ਤਸਵੀਰਾਂ ਦੇਖੋ ਸਫਾ 13 'ਤੇ)



ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਸਾਈਕਲ ਮਾਰਚ ਜੋ ਕਿ ਪਿੰਡ ਕੂਪਰ ਢੇਪੁਰ ਅੱਡਾ ਕਠਾਰ ਤੇ ਆਸ ਪਾਸ ਦੇ ਨੌਜਵਾਨ ਵੀਰਾਂ ਵੱਲੋਂ ਉਲੀਕਿਆ ਗਿਆ ਸੀ,ਦੀਆਂ ਕੁਝ ਝਲਕੀਆਂ।ਮਾਰਚ ਵਿਚ ਸ਼ਾਮਿਲ ਬਜੁਰਗ ਨੌਜਵਾਨ ਤੇ ਬੱਚਿਆਂ ਵਲੋਂ 5 ਘੰਟੇ ਚ ਤਕਰੀਬਨ 25 ਕਿਲੋਮੀਟਰ ਤੇ 15 ਪਿੰਡ ਸਾਈਕਲ ਚਲਾ ਕੇ ਬਾਬਾ ਸਾਹਿਬ ਜੀ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਦਾ ਅਸਾਧਾਰਨ ਯਤਨ ਵਾਕਈ ਕਾਬਿਲ ਏ ਤਾਰੀਫ਼ ਰਿਹਾ। ਹਰ ਉਸ ਸ਼ਖ਼ਸ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਜੋ ਇਸਦਾ ਹਿੱਸਾ ਰਹੇ।

# ਉੱਘੇ ਲੇਖਕ ਰਾਣਾ ਭੋਗਪੁਰੀਆ ਨੂੰ ਆਬੂ ਧਾਬੀ ਵਿਖੇ ਕੀਤਾ ਗਿਆ ਸਨਮਾਨਿਤ

**ਅਲਾਵਲਪੁਰ (ਮਦਨ ਬੰਗੜ)–** ਪੰਜਾਬੀ ਸਾਹਿਤਕਾਰੀ ਗੀਤਕਾਰੀ ਅਤੇ ਪੱਤਰਕਾਰਤਾ ਦੇ ਖੇਤਰ ਵਿੱਚ ਨਿਭਾਈਆਂ ਗਈਆਂ ਆਹਲਾ ਸੇਵਾਵਾਂ ਵਜੋਂ ਲੇਖਕ ਪੱਤਰਕਾਰ ਗੀਤਕਾਰ ਰਾਣਾ ਭੋਗਪੁਰੀਆ ਦਾ ਵਿਸ਼ੇਸ਼ ਸਨਮਾਨ ਆਬੂ ਧਾਬੀ ਯੂ ਏ ਈ ਵਿਖੇ ਪੰਜਾਬ ਦੇ ਮਾਣਮੱਤੇ ਟਰਾਂਸਪੋਰਟਰਾਂ ਦੁਆਰਾ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਹਾਈਵੇ ਟਰਾਂਸਪੋਰਟ ਦੇ ਕਮਲਜੀਤ ਸਿੰਘ ਦਲਜੀਤ ਸਿੰਘ ਬਾਹੋ ਪੁਰੀਆ ਲਵਦੀਪ ਸਿੰਘ ਕਰਨੈਲ ਸਿੰਘ ਹਰਪਾਲ ਸਿੰਘ ਸੰਦੀਪ ਸਿੰਘ ਜਿੰਦਰ ਸ਼ੇਰਾ ਅਤੇ ਸਤਵੀਰ ਸਿੰਘ ਆਦਿ ਤੇ ਹੋਰ ਸਾਥੀ ਹਾਜ਼ਰ ਸਨ। ਇਸ ਮੌਕੇ ਕਮਲਜੀਤ ਸਿੰਘ ਹਾਈਵੇ ਟਰਾਂਸਪੋਰਟ ਨੇ ਆਖਿਆ ਕਿ ਦੁਬਈ ਵਿੱਚ ਟਰਾਂਸਪੋਰਟ ਦੇ ਖੇਤਰ ਵਿੱਚ ਪੰਜਾਬੀ ਵੀਰਾਂ ਦਾ ਵੱਡਾ ਯੋਗਦਾਨ ਹੈ ਜੋ ਦੁਬਈ ਦੇ ਸਰਬਪੱਖੀ ਵਿਕਾਸ ਲਈ ਅਹਿਮ ਯੋਗਦਾਨ ਪਾਉਂਦੇ ਹਨ ਉਨ੍ਹਾਂ ਨੇ ਇਸ ਸਨਅਤੀ ਖੇਤਰ ਨੂੰ ਦਰਪੇਸ਼ ਸਮੱਸਿਆਵਾਂ ਨੂੰ ਮੀਡੀਆ ਦੇ ਮਾਧਿਅਮ ਦੁਆਰਾ ਨਸ਼ਰ ਕਰਨ ਲਈ ਕਿਹਾ ਰਾਣਾ ਭੋਗਪੁਰੀਆ ਨੇ ਟਰਾਂਸਪੋਰਟਰ ਵੀਰਾਂ ਦੇ ਵੱਲੋਂ ਕੀਤੇ ਮਾਣ ਤਾਣ ਲਈ ਧੰਨਵਾਦ ਕਰਦਿਆਂ ਆਖਿਆ ਸੱਤ ਸਮੁੰਦਰ ਪਾਰ ਦਿਨ ਰਾਤ ਇੱਕ ਕਰਦੇ ਪੰਜਾਬੀ ਟਰਾਂਸਪੋਰਟਰ ਵੀਰਾਂ ਦਾ ਕੋਈ ਸਾਨੀ ਨਹੀਂ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਮੀਡੀਆ ਦੇ ਮਾਧਿਅਮ ਰਾਹੀਂ ਉਜਾਗਰ ਕੀਤਾ ਜਾਵੇਗਾ ਰਾਣਾ ਭੋਗਪੁਰੀਆ ਨੇ ਆਖਿਆ ਕਿ ਪੱਤਰਕਾਰੀ ਗੀਤਕਾਰੀ ਸਾਹਿਤਕਾਰੀ ਦੇ ਖੇਤਰ ਵਿੱਚ ਮੇਰੇ ਕਾਰਜਾਂ ਦੇ ਇਵਜ਼ ਵਜੋਂ ਟਰਾਂਸਪੋਰਟਰ ਭਰਾਵਾਂ ਨੇ ਜੋ ਮਾਣ ਸਨਮਾਨ ਦਿੱਤਾ ਹੈ। ਇਸ ਲਈ ਮੈਂ ਇਨ੍ਹਾਂ ਕਦਰਦਾਨਾਂ ਦਾ ਆਭਾਰੀ ਹਾਂ ਮੈਂ ਅੱਗੇ ਤੋਂ ਵੀ ਸਾਹਿਤਕਾਰੀ ਪੱਤਰਕਾਰੀ ਅਤੇ ਗੀਤਕਾਰੀ ਚ ਲੀਕ ਤੋਂ ਹੱਟ ਕੇ ਲਿਖਣ ਲਈ ਵਚਨਬੱਧ ਰਹਾਂਗਾ।




'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



BERKSHIRE HATHAWAY
Home Services



Shangara Ram ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਅਸੀਂ ਫੌਜੀਆਂ ਦਾ ਦੇਣ ਕਦੀ ਨਹੀ ਦੇ ਸਕਦੇ- ਪ੍ਰਿੰਸੀਪਲ ਲੱਧੜ

ਜਲੰਧਰ (ਬਿਊਰੋ)- ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਸੈਨਾ ਝੰਡਾ ਦਿਵਸ ਐਨ ਸੀ ਸੀ ਇੰਚਾਰਜ ਵਿਨੇ ਕੁਮਾਰ ਦੀ ਦੇਖ-ਰੇਖ ਵਿੱਚ ਮਨਾਇਆ ਗਿਆ। ਵਿਨੇ ਕੁਮਾਰ ਨੇ ਆਪਣੇ ਭਾਸ਼ਣ ਵਿੱਚ ਫੌਜੀਆਂ ਵੱਲੋਂ ਦੇਸ਼ ਵਾਸੀਆਂ ਲਈ ਕੀਤੀ ਜਾ ਰਹੀ ਸੇਵਾ ਦਾ ਜ਼ਿਕਰ ਕੀਤਾ। ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਔਖੇ ਹਾਲਾਤਾਂ ਵਿੱਚ ਜਾਨ ਤਲੀ ਤੇ ਧਰ ਕੇ ਫੌਜੀਆਂ ਵੱਲੋਂ ਦੇਸ਼ ਦੀ ਸੁਰੱਖਿਆ ਲਈ ਆਪਣੇ ਫਰਜ਼ ਨਿਭਾਏ ਜਾ ਰਹੇ ਹਨ ਤਾਂ ਕਿ ਅਸੀਂ ਬਿਨਾਂ ਕਿਸੇ







ਡਰ ਦੇ ਕੰਮ ਕਰ ਸਕੀਏ।

ਇਸ ਲਈ ਅਸੀਂ ਫੌਜੀਆਂ ਦਾ ਦੇਣ ਨਹੀਂ ਦੇ ਸਕਦੇ। ਐਨ ਸੀ ਸੀ ਕੈਡਿਟਾਂ ਨੇ ਝੰਡਾ ਦਿਵਸ ਦੇ ਸਟਿੱਕਰ ਵੰਡ ਕੇ ਫੰਡ ਇਕੱਠਾ ਕੀਤਾ। ਸਵੇਰ ਦੀ ਸਭਾ ਦੀ ਸਾਰੀ ਕਾਰਵਾਈ ਐਨ ਸੀ ਸੀ ਕੈਡਿਟਾਂ ਨੇ ਚਲਾ ਕੇ ਹਥਿਆਰਬੰਦ ਸੈਨਾਵਾਂ ਨੂੰ ਅਕੀਦਤ ਭੇਟ ਕੀਤੀ। ਮੈਡਮ ਸਰੋਜ ਕੁਮਾਰੀ ਨੇ ਸੀਨੀਅਰ ਵਿਦਿਆਰਥੀਆਂ ਲਈ ਭਾਰਤੀ ਸੰਵਿਧਾਨ ਵਿੱਚ ਲਿਖੇ ਗਿਆਰਾਂ ਮੌਲਿਕ ਕਰਤਵਾਂ ਬਾਰੇ ਸੈਮੀਨਾਰ ਤੇ ਵਾਦ ਵਿਵਾਦ ਮੁਕਾਬਲਾ ਕਰਾਇਆ ।

# ਮਿਸਨ ਪੇਅ ਬੈਕ ਟੂ ਸੋਸਾਇਟੀ ਨੇ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ

ਮਿਸਨ ਪੇਅ ਬੈਕ ਟੂ ਸੋਸਾਇਟੀ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਵਾਰਡ ਨੰਬਰ 10 ਕਥੇੜਾ ਨੰਗਲ ਵਿੱਚ ਮਨਾਇਆ ਗਿਆ। ਇਸ ਸਬੰਧੀ ਕਰਵਾਏ ਗਏ ਇੱਕ ਸਮਾਗਮ ਵਿੱਚ ਮਿਸਨ ਪੇਅ ਬੈਕ ਟੂ ਸੋਸਾਇਟੀ ਦੇ ਸੰਯੋਜਕ ਕੁਲਦੀਪ ਚੰਦ, ਐਜੂਕੇਸਨ ਸੈਂਟਰ ਕੋਆਰਡੀਨੇਟਰ ਪਵਨ ਕੁਮਾਰ, ਸੁਰੇਸ ਕੁਮਾਰ, ਸਿਵ ਕੁਮਾਰ, ਜਸਪਾਲ ਸਿੰਘ, ਰਾਜ ਕੁਮਾਰ, ਗਗਨ ਕੁਮਾਰ, ਜੀਵਨ ਲਾਰ, ਸੈਂਟਰ ਇੰਚਾਰਜ ਮੈਡਮ ਨੀਰਜ ਬਾਲਾ, ਪੂਨਮ ਬਾਲਾ, ਵਿਦਿਆਰਥੀਆਂ ਰੇਨੂੰਕਾ, ਜਸਨ, ਪਾਰੋ, ਸਰਨਜੀਤ ਕੌਰ, ਆਦਿ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਬਾਰੇ ਜਾਣਕਾਰੀ ਦਿਤੀ। ਇਨ੍ਹਾਂ ਅਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਅਜਾਦੀ ਦੇ ਸੱਤ ਦਹਾਕੇ ਬੀਤਣ ਬਾਦ ਵੀ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਲੋਕ ਭਲਾਈ ਵਿਸੇਸ ਤੋਰ ਤੇ ਮਹਿਲਾਵਾਂ-ਬੱਚਿਆਂ, ਦਲਿਤਾਂ, ਪੱਛੜੇ ਵਰਗਾਂ, ਧਾਰਮਿਕ ਘੱਟ ਗਿਣਤੀਆਂ ਦੇ ਵਿਕਾਸ ਦੀਆਂ ਸਕੀਮਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਕਈ ਵਿਅਕਤੀਆਂ ਅਤੇ ਸੰਸਥਾਵਾਂ ਵਲੋਂ ਭਾਰਤੀ ਸੰਵਿਧਾਨ ਬਦਲਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜਿਸਨੂੰ ਕਿਸੇ ਵੀ ਕੀਮਤ ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਵਲੋਂ ਦੱਬੇ ਕੁਚਲੇ ਵਰਗਾਂ ਦੀ ਭਲਾਈ ਲਈ ਕੀਤੇ ਗਏ ਯਤਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ। ਇਨ੍ਹਾਂ ਕਿਹਾ ਕਿ ਸਦੀਆਂ ਤੋਂ ਦੇਸ ਵਿੱਚ ਪ੍ਰਚਲਿਤ ਗੈਰ ਬਰਾਬਰੀ ਨੂੰ ਕਨੂੰਨੀ ਤੋਰ ਤੇ ਦੂਰ ਕਰਨ ਲਈ ਡਾਕਟਰ



ਅੰਬੇਡਕਰ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ ਸੀ ਜੋਕਿ ਹਰ ਦੇਸ਼ ਵਾਸੀ ਨੂੰ ਬਰਾਬਰਤਾ ਦਾ ਦਰਜ਼ਾ ਦਿੰਦਾ ਹੈ। ਦੇਸ ਵਿੱਚ ਪ੍ਰਚੱਲਿਤ ਰਹੀਆਂ ਕੁਰਿਤੀਆਂ ਜਿਨ੍ਹਾਂ ਵਿੱਚ ਜਾਤ ਦੇ ਅਧਾਰ ਤੇ ਕੁੱਝ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਹੁਣ ਕਨੂੰਨੀ ਤੋਰ ਤੇ ਅਜਿਹਾ ਕਰਨਾ ਜੁਰਮ ਕਰਾਰ ਦਿਤਾ ਗਿਆ ਹੈ। ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਨੂੰ ਸੰਵਿਧਾਨਿਕ ਤੋਰ ਤੇ ਕੁੱਝ ਰਿਆਇਤਾਂ ਦਿਤੀਆਂ ਗਈਆਂ ਹਨ। ਭਾਰਤੀ ਸਮਾਜ ਵਿੱਚ ਕਈ ਥਾਵਾਂ ਤੇ ਮਹਿਲਾਵਾਂ ਨਾਲ ਵੀ ਵਿਤਕਰਾ ਹੁੰਦਾ ਸੀ ਪਰੰਤੂ ਸੰਵਿਧਾਨਕ ਤੋਰ ਤੇ ਮਹਿਲਾਵਾਂ ਨੂੰ ਬਰਾਬਰਤਾ ਦਾ ਹੱਕ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਸੰਵਿਧਾਨ ਲਾਗੂ ਹੋਇਆਂ ਲੱਗਭੱਗ 70 ਸਾਲ ਹੋ ਗਏ ਹਨ ਫਿਰ ਵੀ ਇਸਨੂੰ ਲਾਗੂ ਕਰਨ ਵਾਲਿਆਂ ਦੀ ਅਣਗਹਿਲੀ ਕਾਰਨ ਸਮਾਜ ਦੇ ਕਈ ਵਰਗਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ ਜਿਸ ਕਾਰਨ ਅਜੇ ਵੀ ਦੇਸ਼ ਦੇ ਕੁੱਝ ਭਾਗਾਂ ਵਿੱਚ ਵਿਤਕਰਾ ਅਤੇ ਅਤਿੱਆਚਾਰ ਹੋ ਰਿਹਾ ਹੈ ਅਤੇ ਇਸ ਲਈ ਇਸ ਦੇਸ਼ ਦੇ ਹਾਕਮਰਾਨ ਅਤੇ ਨੀਤੀਆਂ ਲਾਗੂ ਕਰਨ ਵਾਲੇ ਲੋਕ ਹੀ ਦੋਸ਼ੀ ਹਨ। ਇਨ੍ਹਾਂ ਮੰਗ ਕੀਤੀ ਕਿ ਦਲਿਤ ਭਲਾਈ ਸਕੀਮਾਂ ਵਿੱਚ ਅੜ੍ਹਿਕਾ ਬਣਨ ਵਾਲੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਖਿਲਾਫ ਸੱਖਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਪੜਾਈ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਮਾਜ ਦੇ ਵਿਕਾਸ ਲਈ ਸਹੀ ਅਤੇ ਪੂਰੀ ਸਿੱਖਿਆ ਹਰ ਬੱਚੇ ਤੱਕ ਪਹੁੰਚਾਣ ਲਈ ਸਾਨੂੰ ਸਭਨੂੰ ਕੰਮ ਕਰਨਾ ਪਵੇਗਾ ਅਤੇ ਇਸ ਲਈ ਮਿਸਨ ਪੇਅ ਬੈਕ ਟੂ ਸੋਸਾਇਟੀ ਵਲੋਂ ਵਿਸ਼ੇਸ ਟਿਊਸ਼ਨ ਸੈਂਟਰ ਚਲਾਏ ਜਾ ਰਹੇ ਹਨ ਜਿਸ ਵਿੱਚ ਲੋੜਵੰਦ ਵਿਦਿਆਰਥੀਆਂ ਲਈ ਵਿਸ਼ੇਸ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਵੰਦਨਾਂ,ਤਰੁਨ, ਪੰਕਜ, ਕਵਿਤਾ, ਪਲਕ, ਰੀਆ, ਅੰਜਲੀ, ਪਲਵੀ, ਕੋਮਲ, ਖੁਸਵਿੰਦਰ, ਅਮਨ, ਸੁਭਮ, ਗਗਨਦੀਪ, ਅਨਾਮਿਕਾ, ਸਾਹਿਲ, ਕੁਨਾਲ, ਹਰਮਨ, ਸਰਨਜੀਤ, ਦਮਨਦੀਪ, ਪੂਨਮ, ਹਰਜਿੰਦਰ, ਕਰਨ, ਵੰਸ, ਅਮਨ, ਨੀਸਾ, ਨਵੀਨ ਆਦਿ ਹਾਜਰ ਸਨ।

**- ਕੁਲਦੀਪ ਚੰਦ**
(91-94175-63054)






# ਬਸਪਾ ਆਗੂਆਂ ਨੇ ਅੰਬੇਡਕਰ ਦਾ ਪ੍ਰੀ ਨਿਰਵਾਣ ਦਿਵਸ ਮਨਾਇਆ

## ਡਾ.ਅੰਬੇਡਕਰ ਨੇ ਹਿੰਦੂ ਕੋਡ ਬਿੱਲ ਰਾਹੀਂ ਔਰਤਾਂ ਦੀ ਆਜਾਦੀ ਦਾ ਮੁੱਢ ਬੰਨ੍ਹਿਆ - ਟਿੱਬਾ







**ਸ਼ੇਰਪੁਰ–** ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ. ਆਰ.ਅੰਬੇਡਕਰ ਦੇ ਪ੍ਰੀ ਨਿਰਵਾਣ ਦਿਵਸ ਮੌਕੇ ਬਸਪਾ ਆਗੂਆਂ ਨੇ ਬੱਸ ਸਟੈਂਡ ਕਾਤਰੋਂ ਚੌਕ, ਸ਼ੇਰਪੁਰ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਅਰਪਿਤ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ।

ਇਸ ਮੌਕੇ ਮਹਿਲ ਕਲਾਂ ਦੇ ਹਲਕਾ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਕਿਸੇ ਜਾਤੀ ਵਿਸ਼ੇਸ਼ ਜਾਂ ਵਰਗ ਨਾਲ ਜੋੜ ਕੇ ਨਹੀ ਦੇਖਿਆ ਜਾਣਾ ਚਾਹੀਦਾ, ਕਿਉਂਕਿ ਉਨ੍ਹਾਂ ਨੇ ਆਧੁਨਿਕ ਭਾਰਤ ਦੇ ਡੀਐਂਨਏ ਦੀ ਰਚਨਾ ਕੀਤੀ। ਜਿੱਥੇ ਬਾਬਾ ਸਾਹਿਬ ਨੇ ਦਲਿਤਾਂ ਅਤੇ ਪਛੜੇ ਵਰਗਾਂ ਦੇ ਮਾਨਵੀ ਅਧਿਕਾਰਾਂ ਲਈ ਲੜਾਈ ਲੜਦਿਆਂ ਸੰਵਿਧਾਨਿਕ ਹੱਕ ਲੈ ਕੇ ਦਿੱਤੇ, ਉੱਥੇ ਹੀ ਹਿੰਦੂ ਕੋਡ ਬਿੱਲ ਰਾਹੀਂ ਔਰਤਾਂ ਦੀ ਅਜਾਂਦੀ ਦਾ ਮੁੱਢ ਬੰਨ੍ਹਿਆ। ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਡਾ. ਅੰਬੇਡਕਰ ਨੇ ਆਰਬੀਆਈ, ਹੀਰਾ ਕੁੰਡ ਪ੍ਰਯੋਜਨਾਂ, ਦਮੋਦਰ ਘਾਟੀ ਯੋਜਨਾ, ਸੋਨ ਨਦੀ ਪ੍ਰਯੋਜਨਾਂ, ਡੈਮ, ਗਰਿੱਡ ਸਿਸਟਮ, ਚੋਣ ਕਮਿਸ਼ਨ, ਯੋਜਨਾ ਵਿਭਾਗ ਆਦਿ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾਇਆ। ਦਰਸਨ ਸਿੰਘ ਬਾਜਵਾ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਡਾ. ਅੰਬੇਡਕਰ ਦੀ ਵਿਚਾਰਧਾਰਾ ਤਹਿਤ ਭਾਰਤ ਨੂੰ ਇੱਕ ਉੱਤਮ ਰਾਸ਼ਟਰ ਬਣਾਇਆ ਜਾ ਸਕਦਾ ਹੈ।

ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਤੇ ਚੱਲਣਾ ਚਾਹੀਦਾ ਹੈ।ਇਸ ਸਮੇਂ ਡਾ. ਜਗਜੀਵਨ ਸਿੰਘ ਸੇਵਾਮੁਕਤ ਜ਼ਿਲ੍ਹਾ ਸਿਹਤ ਅਫ਼ਸਰ, ਡਾ. ਸੋਮਾ ਸਿੰਘ ਹਲਕਾ ਪ੍ਰਧਾਨ ਮਹਿਲ ਕਲਾਂ, ਬੀਬੀ ਬਲਜੀਤ ਕੌਰ ਕਾਤਰੋਂ, ਜਗਸੀਰ ਸਿੰਘ ਪ੍ਰਧਾਨ ਡਾ.ਬੀ.ਆਰ.ਅੰਬੇਡਕਰ ਯੂਥ ਕਲੱਬ ਸ਼ੇਰਪੁਰ, ਅਮਰੀਕ ਸਿੰਘ, ਮਲਕੀਤ ਸਿੰਘ ਵਿੱਕੀ, ਗੁਰਜੀਤ ਸਿੰਘ, ਚੰਦਵਿੰਦਰ ਸਿੰਘ, ਕਿਰਨਪਾਲ ਸ਼ਨੀ, ਜਾਗਰ ਸਿੰਘ ਆਦਿ ਆਗੂ ਹਾਜ਼ਰ ਸਨ।

# ਡਾ.ਅੰਬੇਡਕਰ ਵਿਸ਼ਵ ਦੇ ਮਹਾਨ ਚਿੰਤਕ : ਸ਼ਮਸ਼ੇਰ ਸਿੰਘ ਦੂਲੋ

## ਅਛੂਤਾਂ ਤੇ ਔਰਤ ਨੂੰ ਸਦੀਆਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ

**ਜਲੰਧਰ–** ਭਾਰਤ ਰਤਨ ਡਾ. ਅੰਬੇਡਕਰ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਭੂਮੀ ਅੰਬੇਡਕਰ ਭਵਨ ਵਿਖੇ ਅੰਬੇਡਕਰ ਭਵਨ ਟਰੱਸਟ ਵੱਲੋਂ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਸਹਿਯੋਗ ਨਾਲ ਬਾਬਾ ਸਾਹਿਬ ਦੇ 64ਵੇਂ ਮਹਾਪਰਿਨਿਰਵਾਣ ਦਿਵਸ ’ਤੇ ਸ਼ਰਧਾਂਜਲੀ ਸਭਾ ਆਯੋਜਿਤ ਕੀਤੀ ਗਈ, ਜਿਸ ਵਿਚ ਸ਼ਮਸ਼ੇਰ ਸਿੰਘ ਦੂਲੋ ਮੈਂਬਰ ਪਾਰਲੀਮੈਂਟ (ਰਾਜਸਭਾ) ਬਤੌਰ ਮੁਖ ਮਹਿਮਾਨ ਸ਼ਾਮਲ ਹੋਏ. ਇਸ ਮੌਕੇ ਤੇ ਇਕੱਤਰ ਹੋਏ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਸ਼੍ਰੀ ਦੂਲੋ ਨੇ ਕਿਹਾ ਕਿ ਡਾ. ਅੰਬੇਡਕਰ ਵਿਸ਼ਵ ਦੇ ਮਹਾਨ ਇਨਕਲਾਬੀ ਚਿੰਤਕ ਸਨ, ਉਨ੍ਹਾਂ ਦੇ ਨਿਰੰਤਰ ਸੰਘਰਸ਼ ਤੇ ਜੱਦੋ-ਜਹਿਦ ਸਦਕਾ ਭਾਰਤ ਦੇ ਕਰੋੜਾਂ ਅਛੂਤਾਂ ਅਤੇ ਇਸਤਰੀ ਵਰਗ ਨੂੰ ਸਦੀਆਂ ਉਪਰੰਤ ਸਮਾਜਿਕ ਤੇ ਧਾਰਮਿਕ ਗੁਲਾਮੀ ਤੋਂ ਛੁਟਕਾਰਾ ਪ੍ਰਾਪਤ ਹੋਇਆ। ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਅਤੇ ਹਿੰਦੂ ਕੋਡਬਿੱਲ ਦੀ ਸਿਰਜਣਾ ਕਰਕੇ ਔਰਤਾਂ ਸਮੇਤ ਹਰ ਭਾਰਤੀ ਨੂੰ ਬਰਾਬਰ ਦੇ ਅਧਿਕਾਰ ਪ੍ਰਦਾਨ ਕੀਤੇ. ਰਿਜ਼ਰਵ ਬੈਂਕ ਦੀ ਸਥਾਪਨਾ, ਸੁਤੰਤਰ ਚੋਣ ਕਮਿਸ਼ਨ ਅਤੇ ਨਿਆਂਪਾਲਿਕਾ, ਹਰ ਬਾਲਗ ਨੂੰ ਚੋਣ ਲੜਨ ਅਤੇ ਵੋਟ ਦਾ ਅਧਿਕਾਰ ਦੇ ਕੇ ਬਾਬਾਸਾਹਿਬ ਨੇ ਭਾਰਤ ਵਿਚ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕੀਤਾ. ਡਾ. ਅੰਬੇਡਕਰ ਵੱਲੋਂ ਸਿਰਜਤ ਭਾਰਤੀ ਸੰਵਿਧਾਨ ਦੁਨੀਆਂ ਦੇ ਸਰਵੋਤਮ ਸੰਵਿਧਾਨਾਂ ਵਿਚ ਪ੍ਰਮੁੱਖ ਸਥਾਨ ਰਖਦਾ ਹੈ. ਸ਼੍ਰੀ ਦੂਲੋ ਨੇ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਕਿ ਸੰਵਿਧਾਨ ਦੇ ਲਾਗੂ ਹੋਣ ਤੋਂ 70 ਸਾਲ ਬਾਅਦ ਵੀ ਸਰਕਾਰਾਂ ਦੀ ਬੇਰੁਖੀ ਦੇ ਕਾਰਣ ਦੇਸ਼ ਵਿਚੋਂ ਗ਼ਰੀਬੀ, ਅਨਪੜ੍ਹਤਾ, ਭੁੱਖ-ਮਰੀ ਬੇਰੁਜਗਾਰੀ ਅਤੇ ਨੌਜਵਾਨ ਵਰਗ ਵਿਚ ਆਈ ਨਿਰਾਸ਼ਾ ਨੂੰ ਦੂਰ ਨਹੀਂ ਕੀਤਾ ਜਾ ਸਕਿਆ। ਦਰਅਸਲ ਸੰਵਿਧਾਨ ਨੂੰ ਮੁੱਕਮਲ ਤੌਰ ਤੇ ਲਾਗੂ ਹੀ ਨਹੀਂ ਕੀਤਾ ਗਿਆ, ਜਿਸ ਕਾਰਣ ਅੱਜ ਦੇਸ਼ ਅਨੇਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਦੂਲੋ ਸਾਹਿਬ ਨੇ ਰਿਜ਼ਰਵੇਸ਼ਨ ਦੇ ਲਾਭ ਲੈਣ ਵਾਲਿਆਂ ਨੂੰ ਜਿਥੇ ਇੱਕ ਮੰਚ ਤੇ ਇਕੱਠੇ ਹੋਣ ਲਈ ਆਵਾਹਣ ਕੀਤਾ ਉਥੇ ਇਹ ਵੀ ਕਿਹਾ ਕਿ ਐਸ. ਸੀ. ਵਿਚੋਂ ਕਰੀਮੀ ਲੇਅਰ ਨੂੰ ਸਵੈ-ਇੱਛਾ ਨਾਲ ਰਿਜ਼ਰਵੇਸ਼ਨ ਤਿਆਗ ਕੇ ਲੋੜਵੰਦਾਂ ਨੂੰ ਅੱਗੇ ਆਉਣ ਦੇਣਾ ਚਾਹੀਦਾ ਹੈ। ਅੰਬੇਡਕਰ ਭਵਨ ਦੇ ਸੰਸਥਾਪਕ ਟਰੱਸਟੀ ਸ਼੍ਰੀ ਲਾਹੌਰੀ ਰਾਮ ਬਾਲੀ, ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ, ਜਨਰਲ ਸਕੱਤਰ ਡਾ. ਜੀ. ਸੀ. ਕੌਲ ਅਤੇ ਸ਼੍ਰੀਮਤੀ ਸੁਨੀਤਾ ਰਿੰਕੂ ਕੌਂਸਲਰ ਨੇ ਆਪਣੇ ਭਾਸ਼ਣਾਂ ਵਿਚ ਕਿਹਾ ਕਿ ਦੇਸ਼ ਵਿਚ ਫੈਲਾਈ ਜਾ ਰਹੀ ਰੂੜ੍ਹੀਵਾਦੀ, ਅੰਧਵਿਸ਼ਵਾਸੀ ਅਤੇ ਗੈਰ-ਵਿਧਾਨਿਕ ਸੋਚ ਨੂੰ ਤਿਆਗ ਕੇ ਹੀ ਡਾ. ਅੰਬੇਡਕਰ ਦੇ ਸੁਪਨਿਆਂ ਅਨੁਕੂਲ ਸਮਤਾ, ਸੁਤੰਤਰਤਾ, ਸਾਂਝੀਵਾਲਤਾ, ਸਦਭਾਵਨਾ ਅਤੇ ਸੁਹਿਰਦਤਾ ਵਾਲੇ ਸਮਾਜ ਦੀ ਉਸਾਰੀ ਕਰਕੇ ਭਾਰਤ ਪ੍ਰਗਤੀ-ਪੱਥ ਤੇ ਅੱਗੇ ਵੱਧ ਸਕਦਾ ਹੈ. ਸਾਨੂੰ ਸਾਰਿਆਂ ਨੂੰ ਸੰਵਿਧਾਨ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਸਰਕਾਰਾਂ ਵੱਲੋਂ ਇਸ ਨੂੰ ਇੰਨ-ਬਿੰਨ ਲਾਗੂ ਕਰਕੇ ਦੇਸ਼ ਵਿਚੋਂ ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਭੁੱਖਮਰੀ ਨੂੰ ਦੂਰ ਕਰਨ ਲਈ ਜੰਗੀ ਪੱਧਰ ਤੇ ਉਪਰਾਲੇ ਕਰਨੇ ਚਾਹੀਦੇ ਹਨ।

ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਐਮ.ਐਲ.ਏ. ਕੁਝ ਅਟੱਲ ਹਾਲਾਤਾਂ ਕਰਕੇ ਸ਼ਾਮਲ ਨਹੀਂ ਹੋ ਸਕੇ, ਇਸ ਲਈ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਟਰੱਸਟ ਦੇ ਚੇਅਰਮੈਨ ਸ਼੍ਰੀ ਆਰ ਸੀ ਸੰਗਰ ਨੇ ਕਿਹਾ ਕਿ ਅਸੀਂ ਸਾਰੇ ਭਾਰਤੀ ਬਾਬਸਾਹਿਬ ਦੇ ਰਿਣੀ ਹਾਂ ਕਿ ਉਨ੍ਹਾਂ ਨੇ ਵੱਖ-ਵੱਖ ਧਰਮਾਂ, ਜਾਤਾਂ, ਫਿਰਕਿਆਂ, ਸੱਭਿਆਚਾਰਾਂ, ਭਾਸ਼ਾਵਾਂ ਅਤੇ ਸੈਂਕੜੇ ਰਿਆਸਤਾਂ ਵਿਚ ਵੰਡੇ ਹੋਏ ਭਾਰਤ ਨੂੰ ਸੇਕੁਲਰ ਤੇ ਲੋਕ ਕਲਿਆਣਕਾਰੀ ਸੰਵਿਧਾਨ ਦੀ ਸਿ-ਰਜਣਾ ਕਰਕੇ ਇੱਕ ਲੜੀ ਵਿਚ ਪਰੋਣ ਦਾ ਪ੍ਰਸ਼ੰਸ਼ਾਯੋਗ ਬਹੁਮੁੱਲਾ ਕਾਰਜ ਕੀਤਾ ਹੈ. ਇਹੀ ਕਾਰਣ ਹੈ ਕਿ ਅੱਜ ਪੂਰਾ ਵਿਸ਼ਵ ਬਾਬਾ ਸਾਹਿਬ ਦੀ ਮਹਾਨ ਵਿਦਵਤਾ ਨੂੰ ਮਾਨਤਾ ਦਿੰਦਾ ਹੈ. ਇਸ ਸ਼ਰਧਾਂਜਲੀ ਸਮਾਰੋਹ ਵਿਚ ਅੰਬੇਡਕਰੀ ਵਿਚਾਰਧਾਰਾ ਨੂੰ ਸਮਰਪਿਤ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਅਤੇ ਮਿਸ਼ਨਰੀ ਗਾਇਕ ਜਗਤਾਰ ਵਰਿਆਣਵੀ ਨੇ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ. ਇਸ ਸਮਾਗਮ ਵਿਚ ਅੰਬੇਡਕਰ ਭਵਨ ਦੇ ਟਰੱਸਟੀਆਂ ਡਾ. ਰਾਹੁਲ, ਪ੍ਰੋ. ਸੋਹਨ ਲਾਲ (ਰਿਟਾ. ਡੀ. ਪੀ. ਆਈ. ਕਾਲਜਾਂ), ਵਿਤ ਸਕੱਤਰ ਬਲਦੇਵ ਰਾਜ ਭਾਰਦਵਾਜ, ਡਾ. ਤਰਸੇਮ ਸਾ ਗਰ, ਅੰਬੇਡਕਰ ਮਿਸ਼ਨ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ, ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦੇ ਪ੍ਰਧਾਨ ਜਸਵਿੰਦਰ ਵਰਿਆਣਾ, ਸ਼੍ਰੀ ਰਾਮ ਲੁਭਾਇਆ ਜੱਸੀ



(ਰਿਟਾ. ਡੀ.ਜੀ.ਪੀ.), ਚਰਨ ਦੱਸ ਸੰਧੂ, ਵਰਿੰਦਰ ਕੁਮਾਰ, ਸੁਚਾ ਸਿੰਘ ਕੌਂਸਲਰ, ਸੁਰਿੰਦਰ ਬੁਲੰਦਪੁਰੀ, ਚੋ. ਹਰੀ ਰਾਮ, ਐਮ ਆਰ ਸੱਲ੍ਹਣ, ਚਰਨਜੀਤ ਸਿੰਘ, ਪਰਮ ਦਾਸ ਹੀਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਸ਼ਰੋਤਿਆਂ ਨੇ ਸ਼ਿਰਕਤ ਕੀਤੀ।

**(ਡਾ. ਜੀ. ਸੀ. ਕੌਲ)**
**ਜਨਰਲ ਸਕੱਤਰ**

# ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਵਿਖੇ ਡਾ.ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ





**ਲੁਧਿਆਣਾ (ਬਿਊਰੋ)–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 64ਵਾਂ ਪ੍ਰੀਨਿਰਵਾਣ ਦਿਵਸ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਬਨਾਰਸੀ ਦਾਸ ਗਿੰਢਾ ਗਲਾਸਗੋ ਇੰਗਲੈਂਡ, ਵੀਨਾ ਸਿੰਦਾ ਨੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਡਾ. ਅੰਬੇਡਕਰ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਸਾਨੂੰ ਇਕ ਪਵਿੱਤਰ ਗ੍ਰੰਥ ਦਿੱਤਾ ਹੈ, ਜਿਸ ਦਾ ਸਾਨੂੰ ਸਾਰਿਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਸਾਰਿਆਂ ਵਾਸਤੇ ਮੌਲਿਕ ਅਧਿਕਾਰਾਂ ਅਤੇ ਕਰਤੱਵਾਂ ਦੀ ਪਾਲਣਾ ਕਰਕੇ ਭਾਰਤ ਨੂੰ ਸੋਨੇ ਦੀ ਚਿੜੀ ਬਣਾਉਣਾ ਚਾਹੀਦਾ ਹੈ।

ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਡਾ. ਅੰਬੇਡਕਰ ਮਹਾਨ ਦੇਸ਼ ਭਗਤ ਹੋਏ ਹਨ, ਜਿਹਨਾਂ ਨੇ ਸਾਨੂੰ ਧਰਮ ਨਿਰਪੱਖ ਹੋ ਕੇ ਔਰਤਾਂ ਅਤੇ ਹਰੇਕ ਵਰਗ ਨੂੰ ਤਰੱਕੀ ਦੇ ਬਰਾਬਰ ਮੌਕੇ ਦਿੱਤੇ ਹਨ। ਭਿਖਸ਼ੂ ਪ੍ਰਗਿਆ ਬੋਧੀ ਇੰਚਾਰਜ ਤਕਸ਼ਿਲਾ ਮਹਾਂਬੁੱਧ ਵਿਹਾਰ ਨੇ ਪ੍ਰਵਚਨਾਂ ਰਾਹੀਂ ਡਾ. ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸੰਗਤਾਂ ਨੂੰ ਅੰਬੇਡਕਰ ਦੀਆਂ ਸਿੱਖਿਆਵਾਂ ਉਪਰ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸ੍ਰੀ ਦੇਸ ਰਾਜ ਚੌਹਾਨ, ਬੰਸੀ ਲਾਲ ਪ੍ਰੇਮੀ, ਰਾਮਦਾਸ ਗੁਰੂ, ਸ਼ਾਮ ਲਾਲ ਜੱਸਲ ਅਤੇ ਦਲਬੀਰ ਸਰੋਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਇਸ ਸ਼ਰਧਾਂਜਲੀ ਸਭਾ ਵਿਚ ਸ੍ਰੀ ਵਿਨੋਦ ਗੌਤਮ, ਸੰਜੇ ਕੁਮਾਰ ਰਾਓ, ਨੰਦ ਕੁਮਾਰ, ਗੁਰਮੀਤ ਸਿੰਘ, ਮਨੋਜ ਕੁਮਾਰ, ਜੀਆ ਲਾਲ, ਗੁਰਨਾਮ ਮੱਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।





ਡਾ ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਜਲੰਧਰ ਵੱਲੋਂ ਡਾ. ਅੰਬੇਡਕਰ ਜੀ ਦਾ ਪ੍ਰੀ ਨਿਰਵਾਣ ਦਿਵਸ ਪਿੰਡ ਬੁੱਲੋਵਾਲ ਜ਼ਿਲ੍ਹਾ ਜਲੰਧਰ ਵਿਖੇ ਮਨਾਇਆ।

# ਬਾਬਾ ਸਾਹਿਬ ਡਾ.ਅੰਬੇਡਕਰ ਜੀ ਦਾ 64ਵਾਂ ਪ੍ਰੀਨਿਰਵਾਣ ਦਿਵਸ ਮਨਾਇਆ



**ਜਲੰਧਰ (ਬਿਊਰੋ)–** ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 64ਵਾਂ ਪ੍ਰੀਨਿਰਵਾਣ ਦਿਵਸ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਬੁੱਧ ਵਿਹਾਰ ਟਰੱਸਟ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਰੂਪ ਲਾਲ ਨੰਬਰਦਾਰ ਪ੍ਰਧਾਨ, ਚਮਨ ਸਾਂਪਲਾ ਸੇਵਾ ਮੁਕਤ ਲੈਕਚਰਾਰ, ਲੈਂਬਰ ਰਾਮ ਬੰਗੜ, ਮਾਸਟਰ ਰਾਮ ਲਾਲ, ਲਾਲ ਚੰਦ ਸਾਂਪਲਾ, ਪ੍ਰਿੰ-ਸੀਪਲ ਪਰਮਜੀਤ ਜੱਸਲ ਅਤੇ ਹੋਰ ਬੁੱਧਿਸਟ ਸ਼ਰਧਾਲੂਆਂ ਨੇ ਡਾ. ਅੰਬੇਡਕਰ ਚੌਂਕ ਜਲੰਧਰ ਪਹੁੰਚ ਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਬੁੱਧ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਸ਼ਰਧਾਂਜਲੀ ਅਰਪਿਤਾ ਕੀਤੀ।

ਸ਼ਰਧਾਂਜਲੀ ਭੇਂਟ ਕਰਦਿਆਂ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਸਾਨੂੰ ਅੰਬੇਡਕਰ ਸਾਹਿਬ ਦੇ ਦੱਸੇ ਰਸਤੇ ’ਸਿੱਖਿਅਕ ਬਣੋ, ਇਕੱਠੇ ਹੋਵੋ ਅਤੇ ਸੰਘਰਸ਼ ਕਰੋ’ ਉਪਰ ਚੱਲਣਾ ਚਾਹੀਦਾ ਹੈ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਭਾਰਤ ਦਾ ਸੰਵਿਧਾਨ ਇਮਾਨਦਾਰੀ ਨਾਲ ਲਾਗੂ ਕਰੇ। ਚਮਨ ਸਾਂਪਲਾ ਨੇ ਕਿਹਾ ਕਿ ਅੰਬੇਡਕਰ ਨੇ ਸੰਵਿਧਾਨ ਲਿਖ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਮਜਬੂਤ ਕੀਤਾ।



## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਦੇਸ਼ ਦੁਆਬਾ ਵੱਲੋਂ

# ਪ੍ਰਥਮ ਧੰਨਵਾਦ ਸਮਾਗਮ

## 21 ਦਸੰਬਰ, 2019 ਦਿਨ ਸ਼ਨਿਚਰਵਾਰ

### ਸ਼ਾਮੀ 3 ਵਜੇ ਤੋਂ 8 ਵਜੇ ਤੱਕ

**Venue:- Raja Indian Cuisine**

**1275 W. Winton Ave. Hayward, CA 94545**

ਇਸ ਮੌਕੇ ਚਾਹ-ਪਾਣੀ, ਡਿਨਰ ਦਿੱਤਾ ਜਾਵੇਗਾ ਅਤੇ 'ਦੇਸ਼ ਦੁਆਬਾ' ਦੇ ਸਮਰਥਕਾਂ ਦਾ ਮਾਣ ਸਨਮਾਨ ਵੀ ਕੀਤਾ ਜਾਵੇਗਾ। ਉਸ ਦੇ ਨਾਲ ਕੈਲੇਫੋਰਨੀਆ ਦੇ ਉਘੇ ਗਾਇਕ ਕਲਾਕਾਰ ਆਪਣੇ ਧਾਰਮਿਕ ਅਤੇ ਸਭਿਆਚਾਰਕ ਗੀਤਾਂ ਨਾਲ ਹਾਜਰੀ ਭਰਨਗੇ। ਹੋਰ ਜਾਣਕਾਰੀ ਲਈ ਅਗਲੇ ਅੰਕ ਵਿਚ ਦੇਖੋ। ਸੱਦਾ ਪੱਤਰ ਭੇਜੇ ਜਾ ਚੁੱਕੇ ਹਨ।

*For more information, please contact:*

Prem K. Chumber, Editor-in-Chief 916-947-8920, E-mail : deshdoaba@yahoo.com



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sales: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

## OFFICE: 7412 ELSIE AVE., SACRAMENTO, CA 95828

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹਫਤਾ ਵਾਰੀ ਦੀਵਾਨ ਸਜਾਏ ਗਏ










**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਹਫਤਾ ਵਾਰੀ ਦੀਵਾਨ ਸਜਾਏ ਗਏ। ਜਿਸ ਦੀ ਸੇਵਾ ਗੁਰਮੁੱਖ ਪ੍ਰੀਵਾਰ ਸ੍ਰ: ਕਿਰਪਾਲ ਸਿੰਘ ਜੀ ਬੀਬੀ ਅਮਨਦੀਪ ਕੌਰ ਸ੍ਰ: ਸੰਦੀਪ ਸਿੰਘ ਸੰਧੂ ਬੀਬੀ ਸੁਮਨਦੀਪ ਕੌਰ ਜੀ ਅਤੇ ਸਾਰੇ ਪ੍ਰੀਵਾਰ ਵਲੋਂ ਕੀਤੀ ਗਈ, ਜਿਨਾ ਵਲੋਂ ਗੁਰੂ ਘੱਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਅਰੰਭ ਕੀਤੇ ਗਏ। ਉਪਰੰਤ ਕੀਰਤਨ ਦਰਬਾਰ ਸਜਾਏ ਗਏ ਜਿਸ ਵਿਚ ਗੁਰੂ ਘੱਰ ਦੇ ਹਜੂਰੀ ਰਾਗੀ ਭਾਈ ਗੁਰਦਿਆਲ ਸਿੰਘ ਜੀ (ਸੁਦਾਣੇ ਵਾਲੇ) ਕੀਰਤਨੀ ਜਥੇ ਨੇ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ (ਮੁੱਖ ਖਜਾਨਚੀ) ਵਲੋਂ ਬਹੁਤ ਵਧੀਆ ਢੰਗ ਨਾਲ ਨਿਭਾਈ ਗਈ। ਗੁਰੂ ਘੱਰ ਦੇ ਮੁੱਖ ਸੇਵਾਦਾਰ ਸ੍ਰੀ ਦਲਵਿੰਦਰ ਰੱਲ ਜੀ ਵਲੋਂ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗੁਰੂ ਘੱਰ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਮੁੱਖ ਪ੍ਰੀਵਾਰ ਨੂੰ ਗੁਰੂ ਘੱਰ ਦੀ ਬੱਖਸਿਸ਼ ਸਿਰੋਪਾਓਂ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਇਆ









ਖਬਰ ਦੇਖੋ ਸਫਾ 8 'ਤੇ











## ਜਨਮ ਦਿਨ ਮੁਬਾਰਕ



ਦੇਵ ਮਲਹੋਤਰਾ ਨੂੰ ਮਾਤਾ ਸ੍ਰੀਮਤੀ ਅੰਜਨਾ ਮਲਹੋਤਰਾ, ਪਿਤਾ ਸ੍ਰੀ ਰਵੀ ਮਲਹੋਤਰਾ, ਨਾਨੀ ਸ਼ਾਮ ਕੁਮਾਰੀ ਸੌਂਧੀ ਅਤੇ ਨਾਨਾ ਪ੍ਰੇਮ ਸੌਂਧੀ ਵੱਲੋਂ ਜਨਮ ਦਿਨ ਦੀਆਂ ਵਧਾਈਆਂ।


ਸੋਹੰ

SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020,
31 ਦਸੰਬਰ 2019 ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ 2020, 31 ਦਸੰਬਰ 2019 ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।
ਆਓ ਇਸ ਨਵਾਂ ਸਾਲ 2020 ਦੀ ਸ਼ੁਰੂਆਤ ਵਿਚ ਆਪਾਂ ਸਭ ਲਈ ਪਿਆਰ, ਸਤਿਕਾਰ, ਖੁਸ਼ਹਾਲੀ, ਤੰਦਰੁਸਤੀ ਅਤੇ ਇਤਫਾਕ ਲਈ ਅਰਦਾਸ ਕਰੀਏ।
ਇਸ ਮੌਕੇ ਗਿਆਨੀ ਭੁਪਿੰਦਰ ਸਿੰਘ ਜੀ, ਗਿਆਨੀ ਓਮਪਾਲ ਸਿੰਘ ਜੀ ਅਤੇ ਹੋਰ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
ਇਸ ਤੋਂ ਇਲਾਵਾ ਨਵੇਂ ਸਾਲ 2020 ਦੀ ਲੋਹੜੀ 13 ਜਨਵਰੀ ਨੂੰ ਮਨਾਈ ਜਾਵੇਗੀ ਅਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵਾਂ ਗੁਰਪੁਰਬ ਦਿਹਾੜਾ 9 ਫਰਵਰੀ 2020 ਨੂੰ ਮਨਾਇਆ ਜਾਵੇਗਾ, ਜਿਸ ਸਬੰਧਤ ਵਧੇਰੇ ਜਾਣਕਾਰੀ ਅਗਲੇਰੇ ਅੰਕਾਂ ਵਿਚ ਪੇਸ਼ ਕੀਤੀ ਜਾਵੇਗੀ।

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

"NANAK NAM CHARDI KALA TERE BHANE SARBAT DA BHALA"

Sangat De Sewadar

Chairman
Jagtar Bhatia

President
Shinder Paul Narabu

General Secretary
Dharam Pal Chonkria

Treasurer
Vinod Kumar

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ
































ਖਬਰ ਦੇਖੋ ਸਫਾ 7 'ਤੇ











# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਡਾ.ਅੰਬੇਡਕਰ ਜੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

6 ਦਸੰਬਰ 2019 ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਹਾ ਪ੍ਰੀਨਿਰਵਾਣ ਦਿਵਸ ਮੌਕੇ ਉਨ੍ਹਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦੀ ਪ੍ਰਬੰਧਕ ਕਮੇਟੀ ਵਲੋਂ ਸਮੂੰਹ ਸੰਗਤ ਦੇ ਸਹਿਯੋਗ ਨਾਲ ਸ਼ਰਧਾਂਜਲੀਆਂ ਸਮਾਰੋਹ (Candle Light Tribute Ceremony) ਆਯੋਜਿਤ ਕੀਤਾ ਗਿਆ।

ਇਸ ਵਿੱਚ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਸਮੂੰਹ ਸੰਗਤ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਮੋਮਬੱਤੀਆਂ ਰੋਸ਼ਨ ਕਰਕੇ ਅਤੇ ਫੁੱਲ ਮਾਲਾਵਾਂ ਨਾਲ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਬੁਲਾਰਿਆਂ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਦੇਸ਼ ਦੇ ਵਿਸ਼ੇ ਤੇ ਆਪਣੇ ਵਿਚਾਰ ਸਾਂਝੇ ਕੀਤੇ।

ਇਸੇ ਸੰਬੰਧ ਵਿੱਚ ਹੀ 8 ਦਸੰਬਰ 2019 ਨੂੰ ਐਤਵਾਰ ਦੇ ਦੀਵਾਨ ਵੀ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਹਾ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਕਰਦੇ ਹੋਏ ਸਜਾਏ ਗਏ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਅਤੇ ਬੁਲਾਰਿਆਂ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਦੇਸ਼ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।


















# ਡਾ. ਅੰਬੇਡਕਰ ਦਾ ਭਾਰਤ ਮਨੁੱਖਤਾ ਦੇ ਨਾਇਕ, ਗਿਆਨ ਦੇ ਪ੍ਰਤੀਕ ਬਣੇ



ਸੰਤੋਖ ਸਿੰਘ ਜੱਸੀ
91-70876-19800

ਅੱਜ ਭਾਰਤ ਦੇਸ਼ ਦੇ ਸੰਦਰਭ ਚ ਜਦੋ ਧਿਆਨ ਕੇਦਰਤ ਹੁੰਦਾ ਹੈ ਤਾ ਇਹ ਸਵਾਲ ਸਾਹਮਣੇ ਆਉਦਾ ਹੈ ਕਿ ਭਾਰਤ ਦੇ ਨਿਰਮਾਣ ਵਿੱਚ ਕੋਣ-ਕੋਣ ਸਹਾਇਕ ਹਨ ਅਤੇ ਦੇਸ਼ ਕਿਸ ਤੋਂ ਜਿਆਦਾ ਪ੍ਰਭਾਵਿਤ ਹੋਇਆ ਹੈ। ਭਾਰਤ ਦਾ ਭੂਤਕਾਲ ਕੀ ਸੀ, ਵਰਤਮਾਨ ਕੀ ਹੈ, ਅਤੇ ਭਵਿੱਖ ਵਿੱਚ ਭਾਰਤ ਕਿੱਥੇ ਖੜ੍ਹ ਸਕੇਗਾ। ਅਜਿਹੇ ਸਵਾਲ ਜਦ ਕਿਸੇ ਨੂੰ ਪੁੱਛੇ ਜਾਣ ਤਾਂ ਨਿਸਚਤ ਹੀ ਕਈ ਲੋਕ ਖਾਸ ਕਰਕੇ ਸਵਰਨ ਲੋਕ ਮਹਾਤਮਾਂ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਜਾਂ ਕੁਝ ਹੋਰ ਅਨੇਕਾਂ ਨਾਮ ਲੈਣਗੇ ਪਰ ਜਦੋ ਇਹੀ ਸਵਾਲ ਕਿਸੇ ਦਲਿਤ, ਸੋਸ਼ਿਤ ਤੋਂ ਪੁੱਛਿਆ ਜਾਵੇ ਤਾਂ ਨਿਸਚਤ ਹੀ ਉਹ ਅੰਬੇਡਕਰ ਦਾ ਭਾਰਤ ਕਹਿਣਗੇ।

ਜੇਕਰ ਬੀਤੀ ਸਦੀ ਦੇ 1920 ਦੇ ਨਜਦੀਕ ਤੇ ਪਿਛਲਝਾਤ ਮਾਰੀਏ ਤਾਂ ਲੋਕ ਅੰਗਰੇਜਾਂ ਤੋਂ ਆਜਾਦੀ ਲਈ ਇਕੱਠੇ ਹੋਣ ਲੱਗੇ। ਜਿਸ ਦੀ ਮੁੱਖ ਅਗਵਾਈ 1885 ਵਿੱਚ ਇੱਕ ਅੰਗਰੇਜ ਮਿਸਟਰ ਏ.ਓ. ਹਿਓਮ ਦੁਆਰਾ ਬਣਾਈ ਕਾਂਗਰਸ ਪਾਰਟੀ ਕਰ ਰਹੀ ਸੀ ।ਅਨੇਕਾਂ ਕਾਂਗਰਸ ਪਾਰਟੀ ਦੇ ਪ੍ਰਧਾਨ ਦੇ ਬਾਵਯੂਦ ਮੋਹਣ ਦਾਸ ਕਰਮ ਚੰਦ ਗਾਂਧੀ ਇੱਕ ਵੱਡੇ ਨੇਤਾ ਵਜੋਂ ਉਭਰ ਕੇ ਸਾਹਮਣੇ ਆਏ । ਉਹਨਾਂ ਆਪਣੀਆਂ ਮੰਗਾਂ ਮਨ-ਵਾਉਣ ਲਈ ਮਰਨ ਵਰਤ ਰੱਖਣ ਦੀ ਸ਼ੁਰੂਆਤ ਕੀਤੀ । ਇਸ ਸਮੇਂ ਦੌਰਾਨ ਹੀ ਭਾਰਤ ਦੀ ਸਿਆਸੀ ਫਿਜ਼ਾ ਚ ਅਮਰੀਕਾ ਇੰਗਲੈਂਡ ਤੋਂ ਪੜ੍ਹੇ ਲਿਖੇ ਇੱਕ ਅਛੂਤ ਡਾ. ਅੰਬੇਡਕਰ ਦੀ ਜਬਰਦਸਤ ਆਮਦ ਹੁੰਦੀ ਹੈ । 20 ਮਾਰਚ 1920 ਨੂੰ ਸ਼ਾਹੂਜੀ ਮਹ-ਾਰਾਜ ਨੇ ਕਿਹਾ ਕਿ ''ਅੱਜ ਤੁਹਾਨੂੰ ਡਾ. ਅੰਬੇਡਕਰ ਦੇ ਰੂਪ ਵਿੱਚ ਤੁਹ-ਾਡੀ ਰੱਖਿਆ ਲਈ ਰਹਿਬਰ ਮਿਲ ਗਿਆ ਹੈ ਮੈਨੂੰ ਪੂਰਾ ਯਕੀਨ ਹੈ ਕਿ ਇਹ ਸ਼ੇਰ ਤੁਹਾਡੀਆਂ ਛੂਆ ਛਾਤ ਦੀਆਂ ਜੰਜੀਰਾਂ ਤੋੜ ਦੇਵੇਗਾ। ਵਕਤ ਆਵੇਗਾ ਜਦੋਂ ਭਾਰਤ ਪੱਧਰ ਤੇ ਪਹਿਲੇ ਕਤਾਰ ਵਿੱਚ ਨਵੇਂ ਨੇਤਾ ਬਣ ਕੇ ਉਭਰਨਗੇ। ਬਾਬਾ ਸਾਹਿਬ ਦਾ ਇਹ ਦ੍ਰਿੜ ਵਿਸ਼ਵਾਸ਼ ਸੀ ਕਿ ਇਹ ਹੀ ਉਹ ਸਮਾਂ ਹੈ ਜਦੋਂ ਵਰਣ ਵਿਵਸਥਾ, ਜਾਤ ਪਾਤ, ਛੂਆ ਛਾਤ, ਖਤਮ ਕਰਨ, ਮਰਦ ਅਤੇ ਔਰਤਾ ਦੀ ਬਰਾਬਰੀ ਲਈ ਸਵਰਨ ਜਾਤਾਂ ਤੋ ਹੱਕ ਹਕੂਕਾਂ ਦੀ ਗਰੰਟੀ ਅੰਗ੍ਰੇਜ ਹਕੂਮਤ ਰਾਹੀ ਲਈ ਜਾ ਸਕਦੀ ਹੈ। ਜਿਨ੍ਹਾਂ ਹਜਾਰਾਂ ਸਾਲਾਂ ਤੋਂ ਆਪਣੇ ਲਈ ਸਾਰੇ ਰਾਹ ਰਾਖਵੇਂ ਕੀਤੇ ਹੋਏ ਹਨ। 1930 ਨੂੰ ਲੰਡਨ ਵਿੱਚ ਗੋਲਮੇਜ ਕਾਂਨਫਰੰਸਾਂ ਦਾ ਦੌਰ ਸ਼ੁਰੂ ਹੋਇਆ। ਜਿਸ ਵਿੱਚ ਗਾਂਧੀ,ਜਿਨਾਹ ਅਤੇ ਸਿੱਖਾਂ ਦੇ ਕੁਝ ਪ੍ਰਤੀਨਿਧੀਆਂ ਨੇ ਹਿੱਸਾ ਲਿਆ । ਬਾਬਾ ਸਾਹਿਬ ਨੇ ਅਛੂਤਾਂ ਦੀ ਨੁਮਾਇੰਦਗੀ ਕੀਤੀ, ਉਹਨਾਂ ਆਪਣੇ ਗਿਆਨ ਬੁੱਧੀ, ਵਿਵੇਕ, ਤਰਕ ਦਲੀਲਾਂ, ਨਾਲ ਤਲਕ ਹਕੀਕਤਾਂ ਨੂੰ ਬਿਆਨ ਕੀਤਾ ਕਿ ਦੇਸ਼ ਅੰਦਰ ਅੰਗਰੇਜਾਂ ਦੀ ਗੁਲਾਮੀ ਤੋਂ ਇਲਾਵਾ, ਹਿੰਦੂਆਂ ਦੇ ਵੀ ਗੁਲਾਮ ਲੋਕ ਹਨ । ਉਹਨਾਂ ਦਾ ਵਿਰੋਧ/ ਟਕਰਾਓ ਅਛੂਤਾਂ ਦੇ ਮੁੱਦੇ ਤੇ ਗਾਂਧੀ ਨਾਲ ਹੋਇਆ। ਆਖਰ ਗਾਂਧੀ ਨਾਲ ਪੂਨਾ ਪੈਕਟ ਸਮਝੌਤਾ ਹੋਇਆ।

ਆਖਰ ਲੰਬੇ ਚੱਲੇ ਸੰਘਰਸ਼ ਤੋਂ ਬਾਅਦ 15 ਅਗਸਤ 1947 ਨੂੰ ਦੇਸ਼ ਆਜਾਦ ਹੋ ਗਿਆ। ਦੇਸ਼ ਅੰਦਰ ਵਿਰੋਧਵਾਸ ਸੀ ਕਿ ਹਜਾਰਾਂ ਸਾਲਾਂ ਤੋਂ ਵਾਰ ਵਾਰ ਗੁਲਾਮ ਹੋਇਆ ਦੇਸ਼ ਕਿਤੇ ਮੁੜ ਤਾਂ ਗੁਲਾਮ ਨਹੀ ਹੋ ਜਾਵੇਗਾ। ਦੇਸ਼ 'ਚ ਹਜਾਰਾਂ ਜਾਤਾਂ, ਕਬੀਲੇ, ਧਰਮ, ਸੱਭਿਆਚਾਰ, ਭਾਸ਼ਾਵਾਂ ਵਾਲੇ ਦੇਸ਼ ਨੂੰ ਕਿਵੇਂ ਇਕੱਠਾ ਰੱਖਿਆ ਜਾ ਸਕਦਾ ਹੈ। ਪ੍ਰਭੂਸੱਤਾ ਪ੍ਰਾਪਤ ਦੇਸ਼ ਨੂੰ ਚਲਾਉਣ ਲਈ ਕਾਨੂੰਨੀ ਦਸਤਾਵੇਜ (ਸੰਵਿਧਾਨ) ਦੀ ਲੋੜ ਸੀ । 296 ਮੈਂਬਰਾਂ 'ਚੋਂ 7 ਮੈਂਬਰੀ ਖਰੜਾ ਕਮੇਟੀ ਦੇ ਚੇਅਰਮੈਨ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਚੁਣਿਆ ਗਿਆ। ਜਿਨ੍ਹਾਂ 2 ਸਾਲ 11 ਮਹੀਨੇ 18 ਦਿਨਾਂ 'ਚ ਸੰਵਿਧਾਨ ਤਿਆਰ ਕਰਕੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਨੂੰ ਸੌਂਪਿਆ। ਇਹ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੋਇਆ ਅਤੇ ਅਜਾਦ ਭਾਰਤ ਦੇ ਡਾ. ਅੰਬੇਡਕਰ ਪਹਿਲੇ ਕਾਨੂੰਨ ਮੰਤਰੀ ਬਣੇ। ਗਾਂਧੀ ਦੀ ਮੌਤ 30 ਜਨਵਰੀ 1948 ਨੂੰ 'ਹੇ ਰਾਮ' ਕਹਿ ਕੇ ਹੋ ਜਾਂਦੀ ਹੈ। ਉਹਨਾਂ ਨੇ ਅਨੇਕਾਂ ਵਿਚਾਰ ਦਿੱਤੇ ਤ ਅਨੇਕਾ ਕਿਤਾਬਾਂ ਲਿਖੀਆਂ । ਆਪਣੀ ਸਵੈ ਜੀਵਨ 'ਸੱਚ ਨਾਲ ਖੋਜ' ਲਿਖੀ। ਪਰ ਬਾਬਾ ਸਾਹਿਬ ਨੇ ਉਹਨਾਂ ਨੂੰ ਕਦੇ ਮਹਾਤਮਾਂ ਵਜੋਂ ਸਵੀਕਾਰ ਨਹੀ ਕੀਤਾ। ਸਗੋਂ ਉਹ ਗਾਂਧੀ ਨੂੰ ਜਾਤ ਪਾਤ ਦਾ ਸਮਰਥਕ ਮੰਨਦੇ ਸਨ।

ਅੱਜ ਬਾਬਾ ਸਾਹਿਬ ਦਾ ਜਨਮ ਦਿਨ 14 ਅਪ੍ਰ ਅਤੇ ਪ੍ਰੀਨਿਰਵਾਣ ਦਿਵਸ 6 ਦਸੰਬਰ ਨੂੰ ਬਾਬਾ ਸਾਹਿਬ ਦੇ ਪੈਰੋਕਾਰਾਂ ਵਲੋਂ ਹਰ ਸਾਲ ਕਈ ਕਈ ਮਹੀਨੇ ਮਨਾਇਆ ਜਾਂਦਾ ਹੈ। ਬਾਬਾ ਸਾਹਿਬ ਦੇ ਪੈਰੋਕਾਰਾਂ 'ਚ ਆਈ ਚੇਤੰਨਤਾ ਅਤੇ ਬਾਬਾ ਸਾਹਿਬ ਜੀ ਦਾ ਜੀਵਨ ਫਲਸਫਾ ਜਿਓਂ ਜਿਓਂ ਲੋਕਾਂ ਤੱਕ ਪੁੱਜਣ ਲੱਗਾ। ਆਖਰ ਸਰਕਾਰਾਂ ਵੀ ਉਹਨਾਂ ਦੇ ਦਿਨ ਮਨਾਉਣ ਲੱਗੀਆਂ ਅੱਜ ਭਾਰਤ ਵਿੱਚ ਸਭ ਤੋਂ ਵੱਧ ਬੁੱਤ ਬਾਬਾ ਸਾਹਿਬ ਦੇ ਹੀ ਹਨ ਉਹ ਵੀ ਬਹੁਤੇ ਬਿਨਾ ਕਿਸੇ ਸਰਕਾਰੀ ਮਦਦ ਤੋਂ। ਕਹਿੰਦੇ ਹਨ ਕਿ ਜਿਹੜੇ ਆਗੂ ਸਮਾਜ ਲਈ ਤਿਆਗ ਕਰਦੇ ਹਨ ਧੋਖਾ ਨਹੀ ਕਰਦੇ ਭਾਵ ਵਿਕਦੇ ਨਹੀ ਉਹਨਾ ਦੇ ਜਾਣ ਮਗਰੋ ਉਹਨਾਂ ਦੀਆਂ ਤਸਵੀਰਾਂ ਵਿਕਦੀਆਂ ਹਨ । ਇਹ ਗੱਲ ਬਾਬਾ ਸਾਹਿਬ ਤੇ ਪੂਰੀ ਤਰਾਂ ਢੁਕਦੀ ਪ੍ਰਤੱਖ ਨਜਰ ਆ ਰਹੀ ਹੈ । ਅੱਜ ਵਿਦੇਸ਼ਾਂ ਵਿੱਚ ਵੀ ਬਾਬਾ ਸਾਹਿਬ ਦੇ ਅਨੇਕਾਂ ਬੁੱਤ ਲੱਗ ਚੁੱਕੇ ਹਨ। (1950 ਵਿੱਚ ਬਾਬਾ ਸਾਹਿਬ ਦੇ ਜਿਉਂਦੇ ਜੀਅ ਕੋਹਲਾਪੁਰ (ਮਹਾਂਰਾਸ਼ਟਰਾ) ਬੁੱਤ ਲੱਗ ਗਿਆ ਸੀ)। ਬਾਬਾ ਸਾਹਿਬ ਦੇ ਨਾਮ ਤੇ ਯਾਦਗਰਾਂ ਬਣ ਰਹੀਆਂ ਹਨ । ਅੱਧੀ ਦੁਨੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਲ ਮਾਰਕਸ ਬਰਾਬਰ ਇੰਗਲੈਂਡ ਵਿੱਚ ਬਾਬਾ ਸਾਹਿਬ ਦੀ ਤਸਵੀਰ ਲਗਾਈ ਗਈ ।ਯੂ.ਪੀ ਮਾਇਆਵਤੀ ਸਰਕਾਰ ਦੁਆਰਾ ਬਾਬਾ ਸਾਹਿਬ ਦੇ ਨਾਮ ਤੇ ਹਜਾਰਾ ਪਿੰਡਾ, ਸੰਸਥਾਵਾ ਅਤੇ ਯੋਜਨਾਵਾ ਬਾਬਾ ਸਾਹਿਬ ਦੇ ਨਾਮ ਤੇ ਚਲਾਈਆ ਗਈਆ ਅਤ ਅਮਰੀਕਾ ਦੇ ਰਾਸ਼ਟਰਪਤੀ ਇਬਰਾਇਮ ਲਿੰਕਨ ਦੀ ਤਰਜ ਤੇ ਯੂ. ਪੀ ਵਿੱਚ ਯਾਦਗਰ ਬਣਾਈ ਗਈ ਹੈ। ਅਮਰੀਕਾ ਲਈ ਜੋ ਲਿੰਕਨ ਹੈ , ਰੂਸ ਲਈ ਜੋ ਲੇਨਿਨ ਹੈ, ਮਿਸਰੀਆਂ ਲਈ ਜੋ ਮੂਸਾ ਹੈ, ਅਫਰੀਕੀਆਂ ਲਈ ਜੋ ਨੈਲਸਿਨ ਮੰਡੇਲਾ ਹੈ, ਭਾਰਤ ਦੇ ਕਰੋੜਾਂ ਸ਼ੋਸ਼ਿਤਾਂ, ਔਰਤਾਂ ਲਈ ਉਹ ਟਾਈ ਵਾਲਾ ਬਾਬਾ ਅੰਬੇਡਕਰ ਹੈ।

ਜੇਕਰ ਬਾਬਾ ਸਾਹਿਬ ਦਾ ਭਾਰਤ ਦੇ ਨਿਰਮਾਣ ਵਿੱਚ ਕੀ ਯੋਗਦਾਨ ਹੈ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਵੱਡਾ ਯੋਗਦਾਨ ਭਾਰਤ ਦਾ ਸੰਵਿਧਾਨ ਤੋਂ ਇਲਾਵਾ ਦੇਸ਼ ਦੀ ਰਿਜਰਵ ਬੈਂਕ, ਰੋਜਗਾਰ ਦਫ਼ਤਰ, ਚੋਣ ਕਮਿਸ਼ਨ, ਬਿਜਲੀ ਅਤੇ ਸਿੰਚਾਈ ਯੋਜਨਾਵਾਂ, ਹੀਰਾ ਕੁੰਡ ਯੋਜਨਾ, ਸੋਨ ਨਦੀ ਯੋਜਨਾ, ਦਮੋਦਰ ਘਾਟੀ ਯੋਜਨਾ, ਵਿੱਤ ਕਮਿਸ਼ਨਰ, ਰਾਖਵਾਂਕਰਨ, ਅੰਤਰਜਾਤੀ ਵਿਆਹ ਕਰਨੇ, ਸਾਲ 1942 ਈ: ਵਿੱਚ ਮਜਦੂਰੀ ਦਾ ਸਮਾਂ 12 ਘੰਟਿਆਂ ਤੋਂ ਘਟਾ ਕੇ 8 ਘੰਟੇ ਨਿਸ਼ਚਿਤ ਕਰਨੇ ਬਾਬਾ ਸਾਹਿਬ ਜੀ ਦੀ ਹੀ ਦੂਰਅੰਦੇਸ਼ੀ ਸੋਚ ਦਾ ਨਤੀਜਾ ਹੈ । ਇਸ ਤਰਾਂ ਉਹਨਾਂ ਭਾਰਤ ਦੇ ਡੀ.ਐਨ.ਏ. ਦੀ ਰਚਨਾ ਕੀਤੀ।







ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 64ਵੇਂ ਪ੍ਰੀਨਿਰਵਾਣ ਤੇ ਬਾਬਾ ਸਾਹਿਬ ਦੀ ਪ੍ਰਤਿਮਾ ਤੇ ਫੁੱਲ ਮਾਲਾਵਾਂ ਭੇਂਟ ਕਰਦੀ ਹੋਈ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ, ਜਲੰਧਰ ਚ ਸੂਬਾ ਪੱਧਰੀ ਸ਼ਰਧਾਂਜਲੀ ਸਮਾਗਮ ਤੇ ਸਮੂਹਿਕ ਤਸਵੀਰ ਵਿੱਚ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਸਮੂਚੀ ਟੀਮ, ਦਲਤ ਵਿਦਵਾਨ ਡਾ. ਐਸ.ਐਲ. ਵਿਰਦੀ ਅਤੇ ਉਹਨਾਂ ਦੀ ਪਤਨੀ ਲੈਕਚਰਾਰ ਨੂੰ ਕਪੂਰਥਲਾ ਵਿਖੇ ਸਨਮਾਨਤ ਕਰਦੇ ਹੋਏ ਪ੍ਰਬੰਧਕ।

ਜਿਉਂ ਜਿਉਂ ਨੌ-ਜਵਾਨ ਪੀੜ੍ਹੀ ਲੋਕ ਤੰਤਰ ਨੂੰ ਸਮਝਣ ਲੱਗੀ ਹੈ ਤਿਉਂ ਤਿਉਂ ਉਹਨਾਂ ਦਾ ਧਿਆਨ ਸੰਵਿਧਾਨ ਅਤੇ ਅੰਬੇਡਕਰ, ਸਮਾਜ ਅਤੇ ਦੁਨੀਆਂ ਵੱਲ ਆਕਰਸ਼ਿਤ ਹੋ ਰਿਹਾ ਹੈ। ਬਾਬਾ ਸਾਹਿਬ ਜਿੱਥੇ ਇਤਿਹਾਸ, ਵਰਤਮਾਨ, ਭਵਿੱਖ ਕਿਵੇਂ ਸੁਖਮਈ ਹੋਵੇ, ਰਾਹ ਦਸੇਰਾ ਬਣਦੇ ਨਜਰ ਆਉਂਦੇ ਹਨ। ਇਸੇ ਕਾਰਨ ਨੌਜਵਾਨ ਵਰਗ ਦੇ ਦਿਮਾਗ ਵਿੱਚ ਅਧੁਨਿਕਤਾ ਅਤੇ ਵਿਗਿਆਨ ਵਿੱਚ ਦਿਲਚਸਪੀ ਵਧੀ ਹੈ । ਬਾਬਾ ਸਾਹਿਬ ਨੇ ਕਿਹਾ ਕਿ ਵਿਦਿਆਰਥੀਆਂ ਅੰਦਰ ਗਿਆਨ ਦੀ ਇੰਨੀ ਲਗਨ ਹੋਣੀ ਚਾਹੀਦੀ ਹੈ ਕਿ, ਉਹ ਆਪਣੇ ਅਧਿਆਪਕਾਂ ਨੂੰ ਘੱਟੋ-ਘੱਟ ਇੱਕ ਸਵਾਲ ਰੋਜਾਨਾ ਪੁੱਛਣ। ਇੱਕ ਗੈਰ ਦਲਿਤ ਪੱਤਰਕਾਰ ਜੋ ਬਾਬਾ ਸਾਹਿਬ ਪ੍ਰਤੀ ਨਫ਼ਰਤ ਰੱਖਦਾ ਸੀ, ਦੀ ਜਦੋਂ ਅਖਬਾਰ ਵਲੋਂ ਡਿਊਟੀ ਲਗਾਈ ਤੇ ਉਹ ਬਾਬਾ ਸਾਹਿਬ ਦੇ ਜਨਮ ਸਥਲ 'ਤੇ ਰਿਪੋਰਟਿੰਗ ਕਰਨ ਗਿਆ, ਜਦੋਂ ਉੱਥੇ ਦੇਖਿਆ ਕਿ ਹਜਾਰਾਂ ਲੋਕ 6 ਦਸੰਬਰ ਨੂੰ ਬਾਬਾ ਸਾਹਿਬ ਜੀ ਦੀ ਜਨਮ ਭੂਮੀ 'ਤੇ ਆਪਣੇ ਬੱਚਿਆਂ ਨੂੰ ਲਿਟਾਉਂਦੇ ਹਨ ਭਾਵ ਕਿ ਉਹ ਉਸ ਮਿੱਟੀ ਨੂੰ ਛੂਹ ਲੈਣ ਜੋ ਬਾਬਾ ਸਾਹਿਬ ਨਾਲ ਸਬੰਧਤ ਹੈ ਤਾਂ ਜੋ ਉਹਨਾਂ ਦੇ ਬੱਚੇ ਵੀ ਇੱਕ ਕਾਬਿਲ ਲਾਇਕ ਇਨਸਾਨ ਬਣ ਸਕਣ । ਪੱਤਰਕਾਰ ਦਾ ਕਹਿਣਾ ਹੈ ਕਿ ਉਹ ਐਨੇ ਹੈਰਾਨ ਹਨ ਕਿ ਬਾਬਾ ਸਾਹਿਬ ਨੂੰ ਲੋਕ ਇੱਕ ਰੱਬ ਵਾਂਗ ਮੰਨਦੇ ਹਨ ਅਤੇ ਉਹ ਵੀ ਆਖਿਰ ਬਾਬਾ ਸਾਹਿਬ ਦਾ ਮੁਰੀਦ ਹੋ ਗਏ ।ਹੁਣ ਲੱਖਾਂ ਕਰੋੜਾਂ ਦਲਿਤ ਹੀ ਨਹੀਂ ਸਗੋਂ ਗੈਰ ਦਲਿਤ, ਇਨਸਾਫ ਪਸੰਦ ਲੋਕ ਬਾਬਾ ਸਾਹਿਬ ਜੀ ਦੀ ਕਾਬਲੀਅਤ ਨੂੰ ਮੰਨਦੇ, ਸਮਝਦੇ, ਮਾਣ ਕਰਨ ਲੱਗੇ ਹਨ। ਬਾਬਾ ਸਾਹਿਬ 17 ਕਿਤਾਬਾਂ ਦੇ ਲੇਖਕ (ਅਨੇਕਾਂ ਅਣਛਪੇ ਭਾਸ਼ਣ ਅਤੇ ਹੋਰ ਅਣਛਪੀਆਂ ਕਿਤਾਬਾਂ) 7 ਭਾਸ਼ਾਵਾਂ ਅਤੇ 32 ਡਿਗਰੀਆਂ ਪ੍ਰਾਪਤ ਦੁਨੀਆਂ ਦੇ ਮਹਾਨ ਇਨਸਾਨ । ਜਾਤ-ਪਾਤ ਦਾ ਬੀਜ-ਨਾਸ਼ ਨਾਮੀ ਇੱਕ ਉਹ ਇਤਿਹਾਸਕ ਕਿਤਾਬ ਹੈ ਜਿਸ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਬਹੁਜਨ ਨਾਇਕ ਬਣਾਇਆ (ਜਿਹਨਾਂ ਨੇ ਇਸ ਕਿਤਾਬ ਪੜ੍ਹਨ ਤੋਂ ਬਾਅਦ ਸਮੁੱਚੀ ਜਿੰਦਗੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤੀ) ਅਤੇ ਬਾਬਾ ਸਾਹਿਬ ਜੀ ਨੂੰ ਮੁੜ ਸੁਰ-ਜੀਤ ਕਰ ਦਿੱਤਾ। ਅੱਜ ਦਿੱਲੀ ਦੀ ਸੱਤਾ ਲੈਣ ਲਈ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਭਵਿੱਖ ਦੀਆਂ ਯੋਜਨਾਵਾਂ ਨੂੰ ਤੈਅ ਕਰਨ ਵਿੱਚ ਲੱਗੀ ਨਜਰ ਆ ਰਹੀ ਹੈ।

ਸ਼ੂਦਰਾਂ ਵਿੱਚ ਅਛੂਤ ਕਹੇ ਜਾਣ ਵਾਲੇ ਮਹਾਰ ਸਮਾਜ 'ਚ ਜਨਮੇਂ ਭੀਮ ਰਾਓ ਅੰਬੇਡਕਰ ਨੂੰ ਮਹਾਰਾਂ ਨੇ "ਬਾਬਾ ਸਾਹਿਬ" (ਜਿਸ ਦਾ ਅਰਥ ਮਹਾਨ, ਸਤਿਕਾਰਯੋਗ ਅਤੇ ਰਹਿਨੁਮਾਂ ਸ਼ਬਦ ਹੈ) ਨਾਲ ਨਿਵਾਜਿਆ । 5 ਜੂਨ, 1952 ਈ: ਨੂੰ ਕੋਲੰਬੀਆ ਯੂਨੀਵਰਸਿਟੀ, ਅਮਰੀਕਾ (ਜਿੱਥੇ ਉਹਨਾਂ ਪੜ੍ਹਾਈ ਕੀਤੀ) ਨੇ ਉਨ੍ਹਾਂ ਨੂੰ ਭਾਰਤ ਦੇ ਸੰਵਿਧਾਨ ਬਣਾਉਣ ਕਰਕੇ ਸਨਮਾਨਿਤ ਕੀਤਾ ਅਤੇ ਸਾਲ 2012 'ਚ ਪ੍ਰਸਿੱਧ ਮੈਗਜ਼ੀਨ ਆਊਟਲੁੱਕ, ਛਟਟDELਜ਼ਨਟ ਟੈਲੀਵਿਜ਼ਨ ਨੇ ਸਮੁੱਚੇ ਸੰਸਾਰ 'ਚ ਇੱਕ ਆਨਲਾਇਨ ਕੀਤੇ ਸਰਵੇ ਵਿੱਚ ਬਾਬਾ ਸਾਹਿਬ ਜੀ ਨੇ ਦੋ ਕਰੋੜ ਵੋਟਾਂ ਲੈ ਕੇ ਭਾਰਤ ਦੇ ਸਭ ਤੋਂ ਵੱਧ ਕਾਬਿਲ, ਹਰਮਨ ਪਿਆਰੇ ਆਗੂ ਹੋਣ ਦਾ ਮਾਣ ਪ੍ਰਾਪਤ ਕੀਤਾ। ਅੰਗਰੇਜ ਵਿਦਵਾਨ "ਬੇਵਰਲੇ ਲਿੰਕਸਸ" ਨੇ ਕਿਹਾ ਕਿ ਸੁਕਰਾਤ, ਕਾਰਲ ਮਾਰਕਸ, ਮਾਉ ਜੇ ਤੁੰਗ, ਮਾਰਟਿਨ ਲੂਥਰ ਕਿੰਗ, ਇਬਰਾਹੀਮ ਲਿੰਕਨ ਅਤੇ ਬਾਬਾ ਸਾਹਿਬ ਨੂੰ ਦੁਨੀਆਂ ਦੇ ਛੇ ਮਹਾਨ ਮਨੁੱਖ ਮੰਨਿਆ। ਅਮਰੀਕਾ ਦੀ ਪ੍ਰਸਿੱਧ ਯੂਨੀਵਰਸਿਟੀ ਕੋਲੰਬੀਆ ਨੇ ਬੀਤੇ 250 ਸਾਲਾਂ 'ਚ ਸਭ ਤੋਂ ਵੱਧ ਕਾਬਿਲ ਵਿਦਿਆਰਥੀਆਂ ਦੀ ਸੂਚੀ 'ਚ ਬਾਬਾ ਸਾਹਿਬ ਨੂੰ ਪਹਿਲਾ ਸਥਾਨ ਦਿੱਤਾ। ਅੱਜ ਯੂਨੀਵਰਸਿਟੀ ਦੇ ਗੇਟ 'ਤੇ ਬਾਬਾ ਸਾਹਿਬ ਜੀ ਦੀ ਤਸਵੀਰ 'ਤੇ ਸਨਮਾਨ ਵਜੋਂ "ਰਚਅਦਜਅਪ " ਰ ਜ਼ਅਦਜ਼ ਸ਼ਬਦ ਅੰਕਿਤ ਕੀਤੇ ਗਏ ਹਨ ।ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਯੂ ਐਨ ਓ ਨੇ ਬਾਬਾ ਸਾਹਿਬ ਜੀ ਦੀ 125ਵਾਂ ਜਨਮਦਿਹਾੜਾ ਮਨਾਇਆ ਅਤੇ ਉਹਨਾਂ ਨੂੰ ਗਿਆਨ ਅਤੇ ਸਮਾਨਤਾ ਦੇ ਸਿਰਜਕ ਤੌਰ ਤੇ ਪ੍ਰਵਾਨ ਕੀਤਾ ਅਤੇ ਮੰਨਿਆ ਕਿ ਸਾਲ 2030 ਤੱਕ ਬਾਬਾ ਸਾਹਿਬ ਦੀਆਂ ਤਰਜੀਹਾਂ ਮੁਤਾਬਿਕ ਨੀਤੀਆਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਅਮਰੀਕਾ ਦੇ ਰਹਿ ਚੁੱਕੇ ਰਾਸ਼ਟਰਪਤੀ ਬਰਾਮ ਹੁਸੈਨ ਓਬਾਮਾਂ ਜੀ ਨੇ ਕਿਹਾ ਕਿ ਜੇ ਬਾਬਾ ਸਾਹਿਬ ਉਹਨਾਂ ਦੇ ਦੇਸ਼ 'ਚ ਪੈਦਾ ਹੁੰਦੇ ਤਾਂ ਉਹ ਉਹਨਾਂ ਨੂੰ ਸੂਰਜ ਦਾ ਖਿਤਾਬ ਦਿੰਦੇ । 20ਵੀਂ ਸਦੀ ਦੇ ਮਹਾਨ ਦਾਰਸ਼ਨਿਕ ਰਜਨੀਸ਼ ਓਸ਼ੋ ਨੇ ਕਿਹਾ ਕਿ ਉਹ ਜਿਹਨਾਂ ਵੀ ਮਹਾਨ ਵਿਅਕਤੀਆਂ ਨੂੰ ਮਿਲੇ, ਉਹਨਾਂ ਵਿੱਚੋਂ ਸਭ ਤੋਂ ਮਹਾਨ ਵਿਅਕਤੀ ਬਾਬਾ ਸਾਹਿਬ ਸਨ। ਪਰ ਉਹਨਾਂ ਗਾਂਧੀ ਨੂੰ ਚਤੁਰ ਬਾਣੀਆਂ ਅਤੇ ਬਾਬਾ ਸਾਹਿਬ ਨੂੰ ਭੋਲੇ ਇਨਸਾਨ ਦੱਸਿਆ (ਸਾਲ 1932 ਈ: ਵਿੱਚ ਹੋਏ ਪੂਨਾ ਪੈਕੇਟ ਦੇ ਸਬੰਧ ਵਿੱਚ)। ਨੋਬਲ ਪੁਰਸਕਾਰ ਜੇਤੂ ਅੰਮ੍ਰਿਤਆ ਸੈਨ ਨੇ ਬਾਬਾ ਸਾਹਿਬ ਨੂੰ ਅਰਥ ਸ਼ਾਸਤਰ ਵਿਸ਼ੇ 'ਤੇ ਆਪਣਾ ਪਿਤਾ ਮੰਨਿਆ।

ਉਸ ਸਮੇਂ ਦੇ ਭਾਰਤੀ ਵਾਇਸ ਰਾਏ ਲਾਰਡ ਲਿਨਲਿਥਗੋ ਨੇ ਵੀ ਆਖਰ ਮੰਨਿਆ ਕਿ ਬਾਬਾ ਸਾਹਿਬ 500 ਗ੍ਰੈਜੂਏਟਾਂ ਅਤੇ 1000 ਸ਼ਕਾਲਰਾਂ ਦੇ ਬਰਾਬਰ ਹਨ । ਇੱਕ ਖੋਜੀ ਪੱਤਰਕਾਰ ਨੇ ਲਿਖਿਆ ਕਿ "ਸਾਮਰਾਜਾਂ ਦਾ ਬਣਨਾ ਅਤੇ ਗੁਜਰ ਜਾਣਾ, ਵੱਡੇ-ਵੱਡੇ ਮਹਾਰਾਜਿਆਂ ਅਤੇ ਤਾਨਾਸ਼ਾਹਾਂ ਦਾ ਗੁਜਰ ਜਾਣਾ, ਪੁਲਾੜ ਉਤੇ ਜਿੱਤ, ਐਟਮ ਬੰਬ ਦੀ ਖੋਜ ਅਤੇ ਹੋਰ ਗੱਲਾਂ... ਇਹ ਸਾਰੇ ਜਿਕਰ ਬੀਤੇ ਸਮੇਂ ਦੀ ਬਾਤ ਬਣਕੇ ਮੱਧਮ ਪੈ ਜਾਣਗੇ। ਪਰ ਭਾਰਤ ਦੇ ਕਰੋੜਾਂ ਅਤੇ ਪੱਛੜੇ ਵਰਗ ਦੇ ਬੇਖੌਫ਼ ਆਗੂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜ਼ਿੰਦਾਦਿਲ ਆਵਾਜ, ਮਾਨਵਤਾ ਦਾ ਸੁਨੇਹਾ ਦਿੰਦੀ ਹੋਈ ਯੁੱਗਾਂ-ਯੁੱਗਾਂਤਰਾਂ ਤੱਕ ਗੂੰਜਦੀ ਰਹੇਗੀ । ਪੰਜਾਬੀ ਦੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਨਰਿੰਦਰ ਸਿੰਘ ਕਪੂਰ ਨੇ ਕਿਹਾ ਕਿ "ਇਤਿਹਾਸ ਦੀ ਮਾਲ ਰੋਡ 'ਤੇ ਹੁਣ ਉਹ ਮੋੜ ਆ ਗਿਆ ਹੈ, ਜਦੋਂ ਦਲਿਤ ਵੀ ਪੂਰੇ ਜਾਹੋ ਜਲੌਅ ਨਾਲ ਅਤੇ ਸਵੈਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ ਕੇ, ਅੱਖਾਂ ਵਿੱਚ ਨਵੇਂ ਸੁਪਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਆਂ ਰੀਝਾਂ ਜਗਾ, ਕੇ ਨਵੀਆਂ ਪੁਲਾਂਘਾਂ ਪੁੱਟਣਗੇ ਅਤੇ ਹਰ ਰੁਕਾਵਟ ਨੂੰ ਲੰਘ ਜਾਣਗੇ।"

ਅੱਜ ਭਾਰਤ ਦੇ ਕੌਮੀ ਨਾਅਰੇ ਤੋਂ ਬਾਅਦ ਜੇ ਕੋਈ ਨਾਅਰਾ ਸਰਵ ਪ੍ਰਵਾਨਿਤ ਹੈ ਤਾਂ ਉਹ ਨਿਸ਼ਚਿਤ ਹੀ "ਜੈ ਭੀਮ-ਜੈ ਭਾਰਤ" ਹੋਵੇਗਾ (ਜੈ ਭੀਮ ਦਾ ਨਾਅਰਾ ਸਾਲ 1935 ਈ: ਤੋਂ ਲੱਗਣ ਲੱਗਾ ਸੀ) । ਗਾਂਧੀ ਦਾ ਜਨਮ ਦਿਨ ਅਜੋਕੇ ਸਮੇਂ ਵਿੱਚ ਸਰਕਾਰਾਂ 2 ਅਕਤੂਬਰ ਨੂੰ ਅਤੇ ਕੁਝ ਕਾਂਗਰਸੀ ਮਨਾਉਂਦੇ ਹਨ । ਪਰ ਸਾਲ 2007 ਵਿੱਚ ਹੋਏ ਇੱਕ ਬਲਾਕ ਪੱਧਰੀ ਗਾਂਧੀ ਜੈਅੰਤੀ ਮਨਾਉਣ ਸਬੰਧੀ ਗਾਂਧੀ ਦੀ ਫੋਟੋ ਸ਼ਹਿਰ ਵਿਚੋਂ ਲੱਭਦੇ ਇੱਕ ਘੰਟੇ ਬਾਅਦ ਪ੍ਰਾਪਤ ਹੋਈ ਇੱਥੋਂ ਪਤਾ ਲੱਗਦਾ ਹੈ ਕਿ ਸਰਕਾਰਾਂ ਦਾ ਬਾਪੂ ਕੌਣ ਅਤੇ ਲੋਕਾਂ ਦਾ ਲੋਕਪ੍ਰੀਯਾ ਨੇਤਾ ਕੌਣ? ਗਾਂਧੀ ਸਰਦੇ ਪੁਜਦੇ ਘਰ ਚ ਪੈਦਾ ਹੋਏ। ਉਹਨਾਂ ਪ੍ਰੰਪਰਾਵਾਦੀ ਵਿਚਾਰ ਧਾਰਾ ਅਪਣਾਈ । ਗਾਂਧੀ ਟੋਪੀ, ਖਾਦੀ ਦਾ ਕੱਪੜਾ ਅਤੇ ਚਰਖਾ ਕੱਤਣ ਦੀ ਪ੍ਰੰਪਰਾ ਰਹੀ ਪਰ 21ਵੀਂ ਸਦੀ ਵਿੱਚ ਇਹ ਸਭ ਗਾਇਬ ਹਨ । ਗਾਂਧੀ ਨਾਲ ਦੱਖਣੀ ਭਾਰਤ ਇੱਕ ਘਟਨਾ ਨੇ ਉਹਨਾਂ ਨੂੰ ਰਾਜਨੀਤੀ ਵੱਲ ਪ੍ਰੇਰਿਤ ਕੀਤਾ । ਦੂਜੇ ਪਾਸੇ ਅੰਬੇਡਕਰ ਅਖੌਤੀ ਛੂਤ ਸਮਾਜ ਵਿੱਚ ਪੈਦਾ ਹੋ ਕੇ ਬੜੌਦਾ ਰਿਆਸਤ ਦੇ ਸਹਿਯੋਗ ਨਾਲ ਵਿਦੇਸ਼ਾਂ ਵਿੱਚ ਉਚ ਪੱਧਰ ਦੀ ਪੜ੍ਹਾਈ ਕਰਕੇ ਹਜਾਰਾਂ ਸਾਲਾਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੇ ਲੋਕਾਂ ਦੀ ਜਮੀਨੀ ਪੱਧਰ ਤੇ 36 ਸਾਲ ਲੜਾਈ ਲੜੀ। ਆਪਣੀ ਬੁੱਧੀ, ਵਿਵੇਕ ਨਾਲ ਉਹਨਾਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਲੋਕਾਂ ਦੇ ਮਸੀਹਾ, ਅਧੁਨਿਕ ਭਾਰਤ ਦੇ ਨਿਰਮਾਤਾ ਬਣੇ । ਉਹਨਾਂ ਦੇਸ਼ ਭਗਤੀ ਦੀ ਉਦਾਹਰਣ ਪੇਸ਼ ਕਰਦੇ ਹੋਏ ਕਿਹਾ ਕਿ ਜਦੋਂ ਮੇਰੇ ਅਤੇ ਦੇਸ਼ ਵਿਚਕਾਰ ਸਵਾਲ ਹੋਵੇਗਾ ਤਾਂ ਉਹ ਦੇਸ਼ ਨੂੰ ਤਰਜੀਹ ਦੇਣਗੇ ਪਰ ਜੇਕਰ ਸਮਾਜ ਅਤੇ ਦੇਸ਼ ਦੀ ਗੱਲ ਹੋਵੇ ਤਾਂ ਮੈਂ ਸਮਾਜ ਨਾਲ ਖੜ੍ਹਾਂਗਾ । ਜੇਕਰ ਦੇਸ਼ਭਗਤੀ ਦੀ ਗੱਲ ਕਰਨੀ ਹੋਵੇ ਤਾਂ ਸਾਲ 1935 ਈ: ਵਿੱਚ ਅੰਗਰੇਜ਼ਾਂ ਨੇ "ਸਰ" ਦਾ ਖਿਤਾਬ ਦੇਣ ਲਈ ਬਾਬਾ ਸਾਹਿਬ ਜੀ ਦਾ ਨਾਮ ਨਾਮਜ਼ਦ ਕੀਤਾ ਸੀ ਅਤੇ ਸਾਲ 1952 ਈ: ਵਿੱਚ ਅਮਰੀਕਾ ਦੇ ਰਾਸ਼ਟਰਪਤੀ ਨੇ ਬਾਬਾ ਸਾਹਿਬ ਨੂੰ ਵ੍ਹਾਈਟ ਹਾਊਸ 'ਚ ਮਿਲਣ ਦੀ ਦਾਵਤ ਦਿੱਛੀ ਸੀ, ਪਰ ਬਾਬਾ ਸਾਹਿਬ ਨੇ ਇਨਕਾਰ ਕਰ ਦਿੱਤਾ, ਕਿਉਂਕਿ ਉਹ ਭਾਰਤੀ ਸਨ ਅਤੇ ਭਾਰਤੀ, ਦੇਸ਼ਭਗਤ ਸਨ ਅਤੇ ਅੰਗਰੇਜ਼ਾਂ ਤੋਂ ਉਹ ਕੋਈ ਅਵਾਰਡ ਲੈਣਾ ਨਹੀਂ ਚਾਹੁੰਦੇ ਸਨ। ਬਾਬਾ ਸਾਹਿਬ ਨੇ ਅਛੂਤਾਂ ਨੂੰ ਕਿਹਾ ਕਿ ਸ਼ੇਰ ਬਣੋ ਬੱਕਰੀਆਂ ਦੀ ਬਲੀ ਤਾਂ ਹਿੰਦੂ ਕਾਲੀ ਮਾਤਾ ਦੇ ਸਾਹਮਣੇ ਦਿੰਦੇ ਹਨ ਪਰ ਸ਼ੇਰ ਦੀ ਕਦੇ ਬਲੀ ਨਹੀ ਦਿੱਤੀ ਜਾਂਦੀ । ਆਪਣੀ ਅਗਵਾਈ ਆਪ ਕਰੋ ਜਿਵੇਂ ਮਹ-ਾਤਮਾ ਬੁੱਧ ਨੇ ਕਿਹਾ ਆਪਣੇ ਦੀਪਕ ਆਪ ਬਣੋ ।

ਬਾਬਾ ਸਾਹਿਬ ਬਾਰੇ ਬੀਤੇ ਸਮੇਂ ਦਾ ਸੱਚ ਇਹ ਹੈ ਕਿ ਉਹਨਾਂ ਨੂੰ ਅੰਗਰੇਜਾਂ ਦਾ ਪਿੱਠੂ, ਦੇਸ਼ ਦਾ ਗਦਾਰ ਕਹਿ ਕੇ ਭੰਡਿਆ ਜਾਂਦਾ ਰਿਹਾ । ਬਾਬਾ ਸਾਹਿਬ ਤੇ 18 ਜਾਨਲੇਵਾ ਹਮਲੇ ਹੋਏ । ਅੱਜ ਝੂਠੇ ਦੇਵਤਿਆਂ ਦੀ ਪੂਜਾ ਲਿਖਣ ਵਾਲੇ "ਅਰੁਣ ਸ਼ੋਰੀ" ਵਰਗਿਆਂ ਦੀ ਹਾਲਤ ਬਿਨਾ ਪਤੇ ਤੋਂ ਚਿੱਠੀ ਵਾਲੀ ਹੋ ਚੁੱਕੀ ਹੈ । ਆਖਰ ਆਰ ਐਸ ਐਸ ਨੇ 1915 ਵਿੱਚ ਆਪਣੇ ਸਲਾਨਾ ਮੈਗਜੀਨ ਪੰਚਜਨਆ ਦਾ ਵਿਸ਼ੇਸ਼ ਅੰਕ ਬਾਬਾ ਸਾਹਿਬ ਤੇ ਪ੍ਰਕਾਸ਼ਤ ਕੀਤਾ। ਹੁਣ ਇੱਕ ਢੋਂਗੀ ਬਾਬਾ ਨੇ ਸਾਡੇ ਸਮ-ਾਜਿਕ ਕ੍ਰਾਂਤੀ ਦੇ ਮਹਾਨ ਰਹਿਬਰਾਂ 'ਤੇ ਨਿੰਦਣਯੋਗ ਟਿੱਪਣੀ ਕਰਦਿਆਂ, ਭਾਰਤ ਦੇ ਕਰੋੜਾਂ ਲੋਕਾਂ ਦੇ ਦਿਲਾਂ ਨੂੰ ਵਲੂੰਦਰਿਆਂ ਹੈ। ਪਰ ਅੰਬੇਡਕਰਵਾਦੀਆਂ ਨੂੰ ਹਰ ਮੋੜ, ਹਰ ਪੱਖ 'ਤੇ ਸਾਵਧਾਨ ਅਤੇ ਸੁਚੇਤ ਹੋਣ ਦੀ ਲੋੜ ਹੈ, ਕਿਉਂਕਿ ਇਹ ਦੇਸ਼ ਸਾਡਾ ਮੂਲਨਿਵਾਸੀਆਂ ਦਾ ਹੈ, ਅਸੀਂ ਇਸ ਦੇ ਸਿਰਜਕ ਹਾਂ । ਸਾਡੀ ਸੱਭਿਅਤਾ ਸਿੰਧੂ ਘਾਟੀ (ਸੰਸਾਰ ਦੀ ਸਭ ਤੋਂ ਪੁਰਾਣੀ ਸੱਭਿਅਤਾ ਮੰਨੀ ਗਈ) ਦੁਨੀਆਂ ਵਿੱਚ ਮਹਾਨ ਹੈ, ਅਸੀਂ ਦੇਸ਼ ਨੂੰ ਬਾਬਾ ਸਾਹਿਬ ਜੀ, ਮਹਾਤਮਾ ਜੋਤੀ ਰਾਓ ਫੂਲੇ, ਸਵਿੱਤਰੀ ਬਾਈ ਫੂਲੇ, ਪੇਰੀਆਰ ਰਾਮਾ ਸੁਆਮੀ, ਤਥਾਗਤ ਬੁੱਧ, ਗੁਰੂ ਨਾਨਕ ਦੇਵ, ਕਬੀਰ ਸਾਹਿਬ, ਦੀ ਮਾਨਵਤਾਵਾਦੀ ਸੋਚ ਮੁਤਾਬਿਕ 21ਵੀਂ ਸਦੀ 'ਚ ਗੈਰ-ਬਰਾਬਰੀ ਵਾਲੀ ਵਿਵਸਥਾ ਨੂੰ ਪੂਰਨ ਤੌਰ 'ਤੇ ਬਰਾਬਰਤਾ ਵਾਲੀ ਜਿੱਥੇ ਸਮਾਨਤਾ, ਸਮਤਾ, ਭਾਈਚਾਰਾ ਹੋਵੇ ਸਥਾਪਿਤ ਕਰਨਾ ਹੈ। ਬਾਬਾ ਸਾਹਿਬ ਮਨੁੱਖ ਨੂੰ ਨਾਇਕ ਮੰਨਦੇ ਹਨ, ਗਾਂਧੀਵਾਦ ਬੀਤੇ ਸਮੇ ਦਾ ਇੱਕ ਵਾਦ ਬਣ ਕੇ ਰਹਿ ਗਿਆ ਹੈ ਉਥੇ ਅੰਬੇਡਕਰ ਭਾਰਤ ਸਮੇਤ ਦੁਨੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ । ਕਿਉਂਕਿ ਉਹ ਅਡੰਬਰਾਂ, ਭੈੜੀਆਂ ਰਸਮਾਂ, ਅੰਧ-ਵਿਸ਼ਵਾਸ਼ ਅਜਿਹੇ ਵਿਚਾਰਾਂ ਨੂੰ ਨੇੜੇ ਵੀ ਨਹੀਂ ਫਰਕਣ ਦਿੰਦਾ । ਉਹ ਆਜਾਦੀ, ਬਰਾਬਰੀ, ਭਾਈਚਾਰੇ ਅਤੇ ਨਿਆ ਪਸੰਦ ਵਿਵਸਥਾ ਦੇ ਧਾਰਨੀ ਹਨ ਉਹਨਾਂ ਔਰਤਾਂ ਲਈ ਵੱਡੇ ਸੰਘਰਸ਼ ਅਤੇ ਯੋਜਨਾਵਾਂ ਦਾ ਵਿਖਿਆਨ ਕੀਤਾ।

ਸਦੀਆਂ ਤੋਂ ਸੋਸ਼ਿਤ ਲੋਕੋ, ਫਖਰ ਮਹਿਸੂਸ ਕਰੋ ਕਿ ਬਾਬਾ ਸਾਹਿਬ ਨੇ ਸਾਨੂੰ ਹਜਾਰਾਂ ਸਾਲਾਂ ਤੋਂ ਨਰਕ ਦੀ ਜਿੰਦਗੀ ਤੋਂ ਨਵੀਂ ਜਿੰਦਗੀ ਜਿਉਣ ਬਰਾਬਰ ਹੱਕ ਲੈ ਕੇ ਦਿੱਤੇ। ਬਾਬਾ ਸਾਹਿਬ ਭਾਰਤ ਦੇ ਪਹਿਲੇ ਰਾਜਨਿਤਕ, ਸਮਾਜਿਕ ਅਤੇ ਜਿੰਦਾਦਿਲ ਬੇਖੌਫ ਆਗੂ ਹੋਏ ਜਿੰਨਾਂ ਦਾ ਪ੍ਰੀਨਿਰਵਾਣ ਦਿਵਸ ਅਤੇ ਜਨਮਦਿਨ ਸਾਰਾ ਸਾਲ ਮਨਾਏ ਜਾਂਦੇ ਹਨ।ਜਿਨ੍ਹਾਂ ਤੋਂ ਕਰੋੜਾ ਲੋਕ ਸੇਧ ਲੈਕੇ ਜਿੰਦਗੀ ਅੱਗੇ ਵਧਦੇ ਨਜਰ ਆਉਂਦੇ ਹਨ। ਉਹ ਦਿਨ ਦੂਰ ਨਹੀਂ ਜਦੋਂ ਭਾਰਤ ਦਾ ਹਰ ਇਨਸਾਨ ਇਹ ਕਹਿੰਦਾ ਸੁਣਾਈ ਦੇਵੇਗਾ ਕਿ ਇਹ ਦੇਸ਼ ਹੁਣ ਬਾਬਾ ਸਾਹਿਬ ਦਾ ਹੈ ਜਿੱਥੇ ਇਨਸਾਨ ਅਤੇ ਇਨਸਾਨੀਅਤ ਦੀ ਗੱਲ ਕੀਤੀ ਜਾਂਦੀ ਹੈ, ਇਸ 6 ਦਸੰਬਰ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈਕੇ ਸਾਰੀਆ ਸਿਆਸੀ ਪਾਰਟੀਆਂ ਨੇ ਉਹਨਾਂ ਨੂੰ ਸ਼ਰਧਾਂਜਲੀਆਂ ਭੈਂਟ ਕਰਦਿਆਂ ਕਿਹਾ ਕਿ ਉਹ ਮਨੁੱਖਤਾ ਦੇ ਨਾਇਕ ਹਨ ਅਤੇ ਵਿਸ਼ਵ ਵਿੱਚ ਉਹਨਾਂ ਨੂੰ ਗਿਆਨ ਦਾ ਪ੍ਰਤੀਕ ਮੰਨਿਆਂ ਗਿਆ ਹੈ। ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਬਹੁਜਨ ਨਾਇਕ ਬਣਾਇਆ (ਜਿਹਨਾਂ ਨੇ ਇਸ ਕਿਤਾਬ ਪੜ੍ਹਨ ਤੋਂ ਬਾਅਦ ਸਮੁੱਚੀ ਜਿੰਦਗੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤੀ) ਅਤੇ ਬਾਬਾ ਸਾਹਿਬ ਜੀ ਨੂੰ ਮੁੜ ਸੁਰਜੀਤ ਕਰ ਦਿੱਤਾ। ਅੱਜ ਦਿੱਲੀ ਦੀ ਸੱਤਾ ਲੈਣ ਲਈ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਭਵਿੱਖ ਦੀਆਂ ਯੋਜਨਾਵਾਂ ਨੂੰ ਤੈਅ ਕਰਨ ਵਿੱਚ ਲੱਗੀ ਨਜਰ ਆ ਰਹੀ ਹੈ। ਸ਼ੂਦਰਾਂ ਵਿੱਚ ਅਛੂਤ ਕਹੇ ਜਾਣ ਵਾਲੇ ਮਹਾਰ ਸਮਾਜ 'ਚ ਜਨਮੇਂ ਭੀਮ ਰਾਓ ਅੰਬੇਡਕਰ ਨੂੰ ਮਹਾਰਾਂ ਨੇ "ਬਾਬਾ ਸਾਹਿਬ" (ਜਿਸ ਦਾ ਅਰਥ ਮਹਾਨ, ਸਤਿਕਾਰਯੋਗ ਅਤੇ ਰਹਿਨੁਮਾਂ ਸ਼ਬਦ ਹੈ) ਨਾਲ ਨਿਵਾਜਿਆ ।

5 ਜੂਨ, 1952 ਈ: ਨੂੰ ਕੋਲੰਬੀਆ ਯੂਨੀਵਰਸਿਟੀ, ਅਮਰੀਕਾ (ਜਿੱਥੇ ਉਹਨਾਂ ਪੜ੍ਹਾਈ ਕੀਤੀ) ਨੇ ਉਨ੍ਹਾਂ ਨੂੰ ਭਾਰਤ ਦੇ ਸੰਵਿਧਾਨ ਬਣਾਉਣ ਕਰਕੇ ਸਨਮਾਨਿਤ ਕੀਤਾ ਅਤੇ ਸਾਲ 2012 'ਚ ਪ੍ਰਸਿੱਧ ਮੈਗਜ਼ੀਨ ਆਊਟਲੁੱਕ, ਛਟਟDELਜ਼ਨਟ ਟੈਲੀਵਿਜ਼ਨ ਨੇ ਸਮੁੱਚੇ ਸੰਸਾਰ 'ਚ ਇੱਕ ਆਨਲਾਇਨ ਕੀਤੇ ਸਰਵੇ ਵਿੱਚ ਬਾਬਾ ਸਾਹਿਬ ਜੀ ਨੇ ਦੋ ਕਰੋੜ ਵੋਟਾਂ ਲੈ ਕੇ ਭਾਰਤ ਦੇ ਸਭ ਤੋਂ ਵੱਧ ਕਾਬਿਲ, ਹਰਮਨ ਪਿਆਰੇ ਆਗੂ ਹੋਣ ਦਾ ਮਾਣ ਪ੍ਰਾਪਤ ਕੀਤਾ।

# 1947 ਨੂੰ 2020 ਵਿਚ ਲਿਆਉਂਦਿਆਂ



ਸਵਰਾਜਬੀਰ

ਬਹੁਤ ਸਾਰੇ ਲੋਕ ਨਾਗਰਿਕਤਾ ਸੋਧ ਬਿਲ ਦਾ ਵਿਰੋਧ ਕਰਨ ਵਾਲਿਆਂ ਨੂੰ ਇਹ ਸਵਾਲ ਪੁੱਛਦੇ ਹਨ, "ਇਸ ਬਿਲ ਦਾ ਵਿਰੋਧ ਕਿਉਂ ਕਰ ਰਹੇ ਹੋ? ਇਹ ਬਿਲ ਤਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਵਿਚ ਵਸਦੇ ਹਿੰਦੂਆਂ, ਸਿੱਖਾਂ, ਬੋਧੀਆਂ, ਜੈਨੀਆਂ, ਇਸਾਈਆਂ ਅਤੇ ਪਾਰਸੀਆਂ ਦਾ ਭਲਾ ਚਾਹੁੰਦਾ ਹੈ। ਤੁਸੀਂ ਜਾਣਦੇ ਹੀ ਹੋ, ਇਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਫ਼ਿਰਕਿਆਂ ਦੇ ਲੋਕਾਂ 'ਤੇ ਕਿੰਨੇ ਜ਼ੁਲਮ ਹੋਏ ਹਨ। ਜੇ ਭਾਰਤ ਸਰਕਾਰ ਨਾਗਰਿਕਤਾ ਸੋਧ ਕਰਕੇ ਇਨ੍ਹਾਂ ਫ਼ਿਰਕਿਆਂ ਦੇ ਲੋਕਾਂ ਨੂੰ ਭਾਰਤ ਵਿਚ ਪਨਾਹ ਦੇ ਕੇ ਭਾਰਤੀ ਨਾਗਰਿਕ ਬਣਾਉਣਾ ਚਾਹੁੰਦੀ ਹੈ ਤਾਂ ਇਸ ਵਿਚ ਗ਼ਲਤ ਕੀ ਹੈ? ਤੁਸੀਂ ਕਹਿੰਦੇ ਹੋ ਜਿਨ੍ਹਾਂ ਨੂੰ ਨਾਗਰਿਕ ਬਣਾਇਆ ਜਾ ਰਿਹਾ ਹੈ, ਉਨ੍ਹਾਂ ਵਿਚ ਮੁਸਲਮਾਨ ਸ਼ਾਮਲ ਨਹੀਂ। ਇਹ ਦੱਸੋ, ਮੁਸਲਮਾਨਾਂ ਨੂੰ ਸ਼ਾਮਲ ਕਿਉਂ ਕੀਤਾ ਜਾਵੇ? 1947 ਵਿਚ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਗਿਆ। ਮੁਸਲਮਾਨਾਂ ਲਈ ਪਾਕਿਸਤਾਨ ਬਣਾ ਦਿੱਤਾ ਗਿਆ। ਬਾਅਦ ਵਿਚ ਉਹਦੇ ਵਿਚੋਂ ਬੰਗਲਾਦੇਸ਼ ਬਣ ਗਿਆ। ਇਸ ਤਰ੍ਹਾਂ ਮੁਸਲਮਾਨਾਂ ਲਈ ਮੁਸਲਮਾਨ ਦੇਸ਼ ਮੌਜੂਦ ਹਨ। ਇਸ ਲਈ ਮੁਸਲਮਾਨਾਂ ਨੂੰ ਇਸ ਬਿਲ ਵਿਚ ਸ਼ਾਮਲ ਕਿਉਂ ਕੀਤਾ ਜਾਵੇ?''

ਇਨ੍ਹਾਂ ਸਵਾਲਾਂ ਦੀ ਬੁਛਾੜ ਵਿਚ ਇਕ ਵੇਲ਼ੇ ਤਾਂ ਏਦਾਂ ਲੱਗਦਾ ਹੈ ਕਿ ਜੋ ਸਰਕਾਰ ਕਰ ਰਹੀ ਹੈ, ਬਿਲਕੁਲ ਠੀਕ ਹੈ; ਪਹਿਲੀ ਵਾਰ ਸਰਕਾਰ ਦਾ ਧਿਆਨ ਇਨ੍ਹਾਂ ਦੇਸ਼ਾਂ ਦੇ ਹਿੰਦੂਆਂ ਤੇ ਹੋਰ ਪੀੜਤ ਫ਼ਿਰਕਿਆਂ ਦੇ ਲੋਕਾਂ ਵੱਲ ਗਿਆ ਹੈ ਅਤੇ ਕਿਸੇ ਨੂੰ ਵੀ ਇਸ ਬਿਲ 'ਤੇ ਉਜ਼ਰ ਨਹੀਂ ਹੋਣਾ ਚਾਹੀਦਾ ਅਤੇ ਇਹ ਬਿਲ ਬਿਨਾ ਕਿਸੇ ਵਿਰੋਧ ਦੇ ਪਾਸ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹ ਬਿਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਵਿਚੋਂ ਆਏ ਇਨ੍ਹਾਂ ਫ਼ਿਰਕਿਆਂ ਦੇ ਉਨ੍ਹਾਂ ਪਨਾਹਗੀਰਾਂ ਨੂੰ ਭਾਰਤੀ ਨਾਗਰਿਕਤਾ ਦੇ ਦੇਵੇਗਾ ਜਿਹੜੇ ਛੇ ਸਾਲਾਂ ਤੋਂ ਭਾਰਤ ਵਿਚ ਰਹਿ ਰਹੇ ਹਨ।

ਧਿਆਨ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਇਸ ਬਿਲ ਦੇ ਓਹਲੇ ਵਿਚ ਕੀ ਛੁਪਿਆ ਹੈ। ਇਹ ਬਿਲ ਤਿੰਨ ਬਾਹਰਲੇ ਦੇਸ਼ਾਂ 'ਤੇ ਲਾਗੂ ਹੁੰਦਾ ਹੈ- ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗ਼ਾਨਿਸਤਾਨ ਅਤੇ ਉਨ੍ਹਾਂ ਦੇਸ਼ਾਂ ਵਿਚ ਹਿੰਦੂਆਂ ਅਤੇ ਹੋਰ ਫ਼ਿਰਕਿਆਂ 'ਤੇ ਕੀਤੇ ਗਏ ਜ਼ੁਲਮਾਂ ਦੀ ਗੱਲ ਕੀਤੀ ਗਈ ਹੈ ਪਰ ਜ਼ੁਲਮ ਤਾਂ ਲਾਗਲੇ ਹੋਰ ਦੇਸ਼ਾਂ ਸ੍ਰੀਲੰਕਾ, ਮਿਆਂਮਾਰ ਅਤੇ ਚੀਨ ਵਿਚ ਵੀ ਹੋਏ। ਸ੍ਰੀਲੰਕਾ ਵਿਚ ਤਾਮਿਲ ਲੋਕਾਂ 'ਤੇ, ਮਿਆਂਮਾਰ ਵਿਚ ਰੋਹਿੰਗੀਆ ਮੁਸਲਮਾਨਾਂ 'ਤੇ ਅਤੇ ਚੀਨ ਵਿਚ ਤਿੱਬਤੀ ਤੇ ਉਊਗੀਰ ਮੁਸਲਮਾਨ ਵਿਤਕਰੇ ਤੇ ਜ਼ੁਲਮਾਂ ਦਾ ਸ਼ਿਕਾਰ ਹੋਏ। ਸਵਾਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਨ ਦੇਣ ਅਤੇ ਨਾਗਰਿਕ ਬਣਾਉਣ ਦੀ ਗੱਲ ਕਿਉਂ ਨਹੀਂ ਕੀਤੀ ਗਈ? ਕਿਉਂ ਸਿਰਫ਼ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਦੀ ਗੱਲ ਕੀਤੀ ਗਈ ਹੈ? ਸਪੱਸ਼ਟ ਹੈ ਕਿ ਸਰਕਾਰ ਇਨ੍ਹਾਂ ਦੇਸ਼ਾਂ ਨੂੰ ਇਸ ਲਈ ਚੁਣ ਰਹੀ ਹੈ ਕਿ ਇਹ ਮੁਸਲਮਾਨ ਦੇਸ਼ ਹਨ ਅਤੇ ਵੱਡੀ ਬਹੁਗਿਣਤੀ ਫ਼ਿਰਕੇ ਦੇ ਲੋਕਾਂ, ਭਾਵ ਹਿੰਦੂਆਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਉਹ ਹਿੰਦੂਆਂ ਨੂੰ ਇਨ੍ਹਾਂ ਦੇਸ਼ਾਂ ਵਿਚ ਮੁਸਲਮਾਨਾਂ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਤੋਂ ਬਚਾਉਣਾ ਚਾਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੂਆਂ ਅਤੇ ਹੋਰਨਾਂ ਫ਼ਿਰਕਿਆਂ ਦੇ ਲੋਕਾਂ 'ਤੇ ਜ਼ੁਲਮ ਹੋਏ ਅਤੇ ਉਨ੍ਹਾਂ ਦੀ ਸਹਾਇਤਾ ਹੋਣੀ ਚਾਹੀਦੀ ਹੈ; ਸਵਾਲ ਇਹ ਹੈ ਕਿ ਸ੍ਰੀਲੰਕਾ, ਮਿਆਂਮਾਰ ਅਤੇ ਚੀਨ ਵਿਚ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਸ ਬਿਲ ਵਿਚ ਜਗ੍ਹਾ ਕਿਉਂ ਨਹੀਂ ਮਿਲੀ। ਇਸ ਦਾ ਜਵਾਬ ਇਹ ਹੈ ਕਿ ਸਰਕਾਰ ਇਹ ਬਿਲ ਮਾਨਵਵਾਦੀ ਸਰੋਕਾਰਾਂ ਕਾਰਨ ਨਹੀਂ ਸਗੋਂ ਫ਼ਿਰਕੂ ਕਾਰਨਾਂ ਕਰਕੇ ਪਾਸ ਕਰਾਉਣਾ ਚਾਹੁੰਦੀ ਹੈ।

ਪਾਕਿਸਤਾਨ ਵਿਚ ਸਭ ਤੋਂ ਪਹਿਲਾਂ ਅਹਿਮਦੀਆ ਫ਼ਿਰਕੇ ਦੇ ਲੋਕਾਂ ਨੂੰ ਸ਼ਿਕਾਰ ਬਣਾ ਕੇ ਉਨ੍ਹਾਂ ਨੂੰ ਗ਼ੈਰ-ਮੁਸਲਿਮ ਕਰਾਰ ਦਿੱਤਾ ਗਿਆ। ਹਿੰਦੂਆਂ ਤੇ ਸਿੱਖਾਂ ਦੇ ਨਾਲ ਕੱਟੜਪੰਥੀਆਂ ਨੇ ਸ਼ੀਆ ਮੁਸਲਮਾਨਾਂ ਨੂੰ ਵੀ ਨਿਸ਼ਾਨਾ ਬਣਾਇਆ। ਸ਼ੀਆ ਫ਼ਿਰਕੇ ਦੀਆਂ ਮਸਜਿਦਾਂ ਵਿਚ ਗੋਲੀ ਚਲਾਈ ਗਈ ਤੇ ਬੰਬ ਧਮਾਕੇ ਕੀਤੇ ਗਏ। ਪਾਕਿਸਤਾਨ ਵਿਚ ਸਿੰਧੀਆਂ ਤੇ ਬਲੋਚੀਆਂ ਨਾਲ ਵੀ ਵਿਤਕਰਾ ਹੋਇਆ ਹੈ। ਜੇ ਸਰਕਾਰ ਦੇ ਸਰੋਕਾਰ ਧਰਮ-ਨਿਰਪੱਖ ਅਤੇ ਮਾਨਵਵਾਦੀ ਹੁੰਦੇ ਤਾਂ ਸਰਕਾਰ ਅਹਿਮਦੀਆ, ਸ਼ੀਆ ਲੋਕਾਂ ਤੇ ਮੁਸਲਮਾਨ ਬਲੋਚੀਆਂ ਤੇ ਸਿੰਧੀਆਂ ਨੂੰ ਵੀ ਇਸ ਬਿਲ ਵਿਚ ਸ਼ਾਮਲ ਕਰਦੀ। ਅਸਲ ਵਿਚ ਸਰਕਾਰ ਦਾ ਇਹ ਬਿਲ ਪਾਸ ਕਰਾਉਣ ਦਾ ਉਦੇਸ਼ ਹਿੰਦੂ-ਮੁਸਲਮਾਨ ਦੁਫਾੜ ਨੂੰ ਜਿਊਂਦੇ ਰੱਖਣਾ ਹੈ। 1947 ਨੂੰ ਜਿਊਂਦੇ ਰੱਖਣਾ ਹੈ। 1947 ਨੂੰ 2020 ਵਿਚ ਲਿਆਉਣਾ ਤੇ ਅਗਾਂਹ ਖੜ੍ਹਨਾ ਹੈ।

**1947 ਦੀ ਵੰਡ ਉਨ੍ਹਾਂ ਜ਼ਹਿਰੀਲੀਆਂ ਵਿਚਾਰਧਾਰਾਵਾਂ ਕਾਰਨ ਹੋਈ ਜਿਨ੍ਹਾਂ ਦਾ ਪ੍ਰਚਾਰ ਹਿੰਦੂ ਤੇ ਮੁਸਲਮਾਨ ਕੱਟੜਵਾਦੀ ਜਥੇਬੰਦੀਆਂ ਨੇ ਕੀਤਾ। ਅੰਗਰੇਜ਼ ਹਕੂਮਤ ਨੇ ਹਿੰਦੋਸਤਾਨੀਆਂ 'ਚ ਫ਼ਿਰਕੂ ਚੇਤਨਾ ਨੂੰ ਵਧਾਇਆ ਅਤੇ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਅਨੁਸਾਰ ਰਾਜ ਕੀਤਾ। ਮੁਸਲਿਮ ਲੀਗ ਅਤੇ ਹਿੰਦੂ ਕੱਟੜਵਾਦੀਆਂ 'ਚ ਸਾਂਝ ਇਹ ਸੀ/ਹੈ ਕਿ ਦੋਵੇਂ ਤਰ੍ਹਾਂ ਦੀਆਂ ਜਥੇਬੰਦੀਆਂ ਇਹ ਮੰਨਦੀਆਂ ਹਨ/ਸਨ ਕਿ ਦੇਸ਼ ਧਰਮ ਦੇ ਆਧਾਰ 'ਤੇ ਬਣਾਏ ਜਾਂਦੇ ਹਨ।**

1947 ਦੀ ਵੰਡ ਉਨ੍ਹਾਂ ਜ਼ਹਿਰੀਲੀਆਂ ਵਿਚਾਰਧਾਰਾਵਾਂ ਕਾਰਨ ਹੋਈ ਜਿਨ੍ਹਾਂ ਦਾ ਪ੍ਰਚਾਰ ਹਿੰਦੂ ਤੇ ਮੁਸਲਮਾਨ ਕੱਟੜਵਾਦੀ ਜਥੇਬੰਦੀਆਂ ਨੇ ਕੀਤਾ। ਅੰਗਰੇਜ਼ ਹਕੂਮਤ ਨੇ ਹਿੰਦੋਸਤਾਨੀਆਂ 'ਚ ਫ਼ਿਰਕੂ ਚੇਤਨਾ ਨੂੰ ਵਧਾਇਆ ਅਤੇ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਅਨੁਸਾਰ ਰਾਜ ਕੀਤਾ। ਮੁਸਲਿਮ ਲੀਗ ਅਤੇ ਹਿੰਦੂ ਕੱਟੜਵਾਦੀਆਂ 'ਚ ਸਾਂਝ ਇਹ ਸੀ/ਹੈ ਕਿ ਦੋਵੇਂ ਤਰ੍ਹਾਂ ਦੀਆਂ ਜਥੇਬੰਦੀਆਂ ਇਹ ਮੰਨਦੀਆਂ ਹਨ/ਸਨ ਕਿ ਦੇਸ਼ ਧਰਮ ਦੇ ਆਧਾਰ 'ਤੇ ਬਣਾਏ ਜਾਂਦੇ ਹਨ। ਪਾਕਿਸਤਾਨ ਧਰਮ ਦੇ ਆਧਾਰ 'ਤੇ ਬਣਿਆ ਤੇ ਇਸ ਨੂੰ 'ਇਸਲਾਮਿਕ ਰਿਪਬਲਿਕ ਆਫ਼ ਪਾਕਿਸਤਾਨ' ਕਿਹਾ ਜਾਂਦਾ ਹੈ। ਸੰਵਿਧਾਨਿਕ ਅਤੇ 1947 ਤੋਂ ਬਾਅਦ ਦੇ ਰਾਜਨੀਤਕ ਅਮਲ ਦੇ ਪੱਖ ਤੋਂ ਭਾਰਤ ਧਰਮ-ਨਿਰਪੱਖ ਦੇਸ਼ ਹੈ ਪਰ ਰਾਸ਼ਟਰੀ ਸਵੈਮਸੇਵਕ ਸੰਘ, ਉਹਦੇ ਨਾਲ ਸਬੰਧਿਤ ਸੰਗਠਨ ਤੇ ਭਾਰਤੀ ਜਨਤਾ ਪਾਰਟੀ ਹਮੇਸ਼ਾ ਕਹਿੰਦੇ ਹਨ ਕਿ ਭਾਰਤ ਹਿੰਦੂ ਰਾਸ਼ਟਰ ਹੈ। ਇਸ ਲਈ ਜਿਵੇਂ ਮੁਸਲਮਾਨ ਕੱਟੜਪੰਥੀ ਅਤੇ ਪਾਕਿਸਤਾਨੀ ਫ਼ੌਜ ਪਾਕਿਸਤਾਨ ਨੂੰ ਮੁਸਲਮਾਨ ਦੇਸ਼ ਬਣਾਈ ਰੱਖਣ ਤੇ ਧਾਰਮਿਕ ਘੱਟ ਗਿਣਤੀਆਂ ਨੂੰ ਤੰਗ ਕਰਨ 'ਤੇ ਬਜ਼ਿੱਦ ਹਨ, ਉਵੇਂ ਭਾਜਪਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਿੱਧ ਕਰਨ 'ਤੇ ਤੁਲੀ ਹੋਈ ਹੈ। ਇਹ ਵਰਤਾਰਾ ਸਿੱਧ ਕਰਦਾ ਹੈ ਕਿ ਕੱਟੜਪੰਥੀਆਂ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਿਤ ਕਿਉਂ ਨਾ ਹੋਣ, ਦੇ ਉਦੇਸ਼ ਸਾਂਝੇ ਹੁੰਦੇ ਹਨ; ਲੋਕਾਂ ਨੂੰ ਫ਼ਿਰਕੂ ਆਧਾਰ 'ਤੇ ਵੰਡਣਾ ਅਤੇ ਫ਼ਿਰਕੂ ਨਫ਼ਰਤ ਪੈਦਾ ਕਰਕੇ ਤਾਕਤ ਹਥਿਆਉਣਾ ਤੇ ਬਣਾਈ ਰੱਖਣਾ; ਹਿੰਦੋਸਤਾਨ ਬਰੇ-ਸਗੀਰ (ਉਪ-ਮਹਾਂਦੀਪ) ਦੇ ਸੰਦਰਭ 'ਚ 1947 ਨੂੰ ਜਿਊਂਦੇ ਰੱਖਣਾ। 1947 ਨੂੰ ਜਿਊਂਦੇ ਰੱਖਣ ਲਈ ਨਾਗਰਿਕਤਾ ਸੋਧ ਬਿਲ ਹੀ ਨਹੀਂ ਪੇਸ਼ ਕੀਤਾ ਜਾ ਰਿਹਾ ਸਗੋਂ ਇਸ ਦੇ ਨਾਲ ਨਾਲ ਸਾਰੇ ਦੇਸ਼ ਵਿਚ ਨਾਗਰਿਕਾਂ ਦੇ ਕੌਮੀ ਰਜਿਸਟਰ (ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼-ਐੱਨਆਰਸੀ) ਦੀ ਕਾਰਵਾਈ ਵੀ ਕੀਤੀ ਜਾਵੇਗੀ। ਦੇਸ਼ ਦਾ ਗ੍ਰਹਿ ਮੰਤਰੀ ਥਾਂ ਥਾਂ 'ਤੇ ਪ੍ਰਚਾਰ ਕਰਦਾ ਫਿਰ ਰਿਹਾ ਹੈ ਕਿ 2024 ਤਕ ਦੇਸ਼ ਵਿਚ ਆਏ ਹੋਏ ਸਾਰੇ ਘੁਸਪੈਠੀਏ ਬਾਹਰ ਕੱਢ ਦਿੱਤੇ ਜਾਣਗੇ। ਇਹ ਘੁਸਪੈਠੀਏ ਕੌਣ ਹਨ? ਉਹ ਕਿੱਥੋਂ ਆਏ ਹਨ? ਦਲੀਲ ਦਿੱਤੀ ਜਾਂਦੀ ਹੈ ਕਿ ਇਹ ਘੁਸਪੈਠੀਏ ਮੁੱਖ ਤੌਰ 'ਤੇ ਬੰਗਲਾਦੇਸ਼ ਤੋਂ ਆਏ ਹਨ। ਦੂਸਰੇ ਪਾਸੇ ਨਾਗਰਿਕਤਾ ਸੋਧ ਬਿਲ ਰਾਹੀਂ ਬੰਗਲਾਦੇਸ਼ ਤੋਂ ਆਏ ਹਿੰਦੂਆਂ ਤੇ ਹੋਰ ਫ਼ਿਰਕਿਆਂ (ਸਿਵਾਏ ਮੁਸਲਮਾਨਾਂ) ਦੇ ਲੋਕਾਂ ਨੂੰ ਨਾਗਰਿਕਤਾ ਦਿੱਤੀ ਜਾ ਰਹੀ ਹੈ; ਤਾਂ ਬਾਕੀ ਕੌਣ ਬਚਦਾ ਹੈ। ਸਪੱਸ਼ਟ ਹੈ ਮੁਸਲਮਾਨ। ਇਸ ਤਰ੍ਹਾਂ ਐੱਨਆਰਸੀ ਅਤੇ ਨਾਗਰਿਕਤਾ ਸੋਧ ਬਿਲ ਦੋਵੇਂ ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਨਜ਼ਰ ਆਉਂਦੇ ਹਨ।

ਪਿਛਲੇ ਪੰਜ ਸਾਲਾਂ ਵਿਚ ਹਜੂਮੀ ਹਿੰਸਾ ਦੀਆਂ ਕਾਰਵਾਈਆਂ, ਜਿਨ੍ਹਾਂ ਵਿਚ ਬਹੁਤ ਸਾਰੀਆਂ ਗਊ-ਮਾਸ ਦੇ ਮਸਲੇ ਨਾਲ ਸਬੰਧਿਤ ਸਨ, ਵਿਚ ਵੀ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੱਤਾਧਾਰੀ ਪਾਰਟੀ ਦੇ ਕਈ ਆਗੂਆਂ ਨੇ ਹਜੂਮੀ ਹਿੰਸਾ ਵਿਚ ਹਿੱਸਾ ਲੈਣ ਵਾਲਿਆਂ ਦਾ ਜਨਤਕ ਤੌਰ 'ਤੇ ਮਾਨ-ਸਨਮਾਨ ਕੀਤਾ। ਰਾਸ਼ਟਰੀ ਸਵੈਮਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਤੇ ਹੋਰ ਆਗੂਆਂ ਨੇ ਵਾਰ ਵਾਰ ਦੁਹਰਾਇਆ ਕਿ ਭਾਰਤ ਹਿੰਦੂ ਰਾਸ਼ਟਰ ਹੈ। ਉਨ੍ਹਾਂ ਲਈ ਇਸ ਤੱਥ ਦਾ ਕੋਈ ਮਹੱਤਵ ਨਹੀਂ ਕਿ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਭਾਰਤ ਧਰਮ-ਨਿਰਪੱਖ ਰਾਜ ਹੈ ਅਤੇ ਸੁਪਰੀਮ ਕੋਰਟ ਨੇ ਵੱਖ ਵੱਖ ਫ਼ੈਸਲਿਆਂ (ਸੇਂਟ ਜੇਵੀਅਰ ਕਾਲਜ ਵਰਸਿਜ ਯੂਨੀਅਨ ਆਫ਼ ਇੰਡੀਆ, ਐੱਸ.ਆਰ. ਬੋਮਈ ਵਰਸਿਜ ਯੂਨੀਅਨ ਆਫ਼ ਇੰਡੀਆ, ਬਾਲ ਪਟੇਲ ਕੇਸ ਆਦਿ) ਵਿਚ ਸਪੱਸ਼ਟ ਕੀਤਾ ਹੈ ਕਿ ਧਰਮ-ਨਿਰਪੱਖਤਾ ਭਾਰਤੀ ਸੰਵਿਧਾਨ ਵਿਚ ਬੁਨਿਆਦੀ ਹੈ। ਇਨ੍ਹਾਂ ਆਗੂਆਂ ਲਈ ਬੁਨਿਆਦੀ ਹੈ ਲੋਕਾਂ ਦੇ ਮੁੱਢਲੇ ਮਸਲਿਆਂ ਦੀ ਥਾਂ 'ਤੇ ਬਹੁਗਿਣਤੀ ਫ਼ਿਰਕੇ ਨਾਲ ਸਬੰਧਿਤ ਲੋਕਾਂ ਨੂੰ ਜਜ਼ਬਾਤੀ ਬਣਾ ਕੇ ਇਹ ਦੱਸਣਾ ਕਿ ਮੌਜੂਦਾ ਸੱਤਾਧਾਰੀ ਪਾਰਟੀ ਦੇ ਰੂਪ ਵਿਚ ਉਨ੍ਹਾਂ ਦਾ ਰਾਜ ਪਹਿਲੀ ਵਾਰ ਆਇਆ ਹੈ ਤੇ ਦੇਸ਼ ਦੀ ਵੱਡੀ ਘੱਟਗਿਣਤੀ ਫ਼ਿਰਕੇ ਦੇ ਲੋਕਾਂ ਨੂੰ ਗੁੱਠੇ ਲਾ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾਗਰਿਕਤਾ ਸੋਧ ਬਿਲ, ਨਾਗਰਿਕਾਂ ਦਾ ਕੌਮੀ ਰਜਿਸਟਰ, ਹਜੂਮੀ ਹਿੰਸਾ ਦੀਆਂ ਕਾਰਵਾਈਆਂ, ਬਹੁਗਿਣਤੀ ਫ਼ਿਰਕੇ ਨਾਲ ਸਬੰਧਿਤ ਭਾਵਨਾਵਾਂ ਨੂੰ ਭੜਕਾਉਣਾ, ਮੁਸਲਮਾਨ ਤੇ ਪਾਕਿਸਤਾਨ-ਵਿਰੋਧ ਨੂੰ ਆਪਣੇ ਏਜੰਡੇ ਵਿਚ ਪ੍ਰਮੁੱਖਤਾ ਦੇਣੀ ਸਭ ਉਸ ਜਨੂਨ ਨੂੰ ਜਿਊਂਦੇ ਰੱਖਣ ਵਾਲੀਆਂ ਪ੍ਰਕਿਰਿਆਵਾਂ ਹਨ ਜਿਸ ਕਾਰਨ 1947 ਵਿਚ ਦੇਸ਼ ਦੀ ਵੰਡ ਹੋਈ।

ਕਾਨੂੰਨੀ ਮਾਹਿਰਾਂ ਅਨੁਸਾਰ ਨਾਗਰਿਕਤਾ ਸੋਧ ਬਿਲ ਇਕ ਹੋਰ ਪੱਖ ਤੋਂ ਅਸੰਵਿਧਾਨਿਕ ਹੈ। ਸੰਵਿਧਾਨ ਦੀ ਧਾਰਾ 14 ਬਹੁਤ ਸਪੱਸ਼ਟ ਸ਼ਬਦਾਂ ਵਿਚ ਕਹਿੰਦੀ ਹੈ ਕਿ ਰਿਆਸਤ/ਸਟੇਟ ਵਿਅਕਤੀ ਦੀ ਕਾਨੂੰਨ ਸਾਹਮਣੇ ਬਰਾਬਰੀ ਅਤੇ ਕਾਨੂੰਨ ਦੀ ਸੁਰੱਖਿਆ ਯਕੀਨੀ ਬਣਾਏਗੀ। ਗੌਤਮ ਭਾਟੀਆ ਅਤੇ ਕਈ ਹੋਰ ਕਾਨੂੰਨਦਾਨਾਂ ਨੇ ਦਲੀਲ ਦਿੱਤੀ ਹੈ ਕਿ ਇਹ ਧਾਰਾ ਸਿਰਫ਼ ਭਾਰਤੀ ਨਾਗਰਿਕਾਂ 'ਤੇ ਹੀ ਨਹੀਂ ਸਗੋਂ ਸਭ ਮਨੁੱਖਾਂ/ਵਿਅਕਤੀਆਂ 'ਤੇ ਲਾਗੂ ਹੁੰਦੀ ਹੈ; ਇਹ ਧਾਰਾ ਦੀ ਭਾਸ਼ਾ ਵਿਚ ਨਿਹਿਤ ਹੈ ਜਦੋਂਕਿ ਨਾਗਰਿਕਤਾ ਸੋਧ ਬਿਲ ਲੋਕਾਂ ਨੂੰ ਧਰਮ 'ਤੇ ਆਧਾਰਿਤ ਨਾਗਰਿਕਤਾ ਦੇਣ ਦੀ ਗੱਲ ਕਰਦਾ ਹੈ ਅਤੇ ਇਸ ਲਈ ਅਸੰਵਿਧਾਨਿਕ ਹੈ।

ਮਸ਼ਹੂਰ ਪੱਤਰਕਾਰ ਤਵਲੀਨ ਸਿੰਘ ਸਵਾਲ ਪੁੱਛਦੀ ਹੈ, ''ਕੀ ਇਸ ਦਾ (ਬਿਲ ਲਿਆਉਣ ਦਾ) ਮਕਸਦ ਉਸ ਸਹਿਮ ਭਰੇ ਮਾਹੌਲ, ਜਿਸ ਵਿਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੁਸਲਮਾਨ ਜੀ ਰਹੇ ਹਨ, ਨੂੰ ਹੋਰ ਜ਼ਹਿਰੀਲਾ ਕਰਨਾ ਨਹੀਂ ਹੈ?'' ਤੇ ਜਵਾਬ ਦਿੰਦੀ ਹੈ ਕਿ ਮੋਦੀ 'ਸਬਕਾ ਸਾਥ, ਸਬਕਾ ਵਿਕਾਸ' ਕਰਨ ਵਿਚ ਵਿਸ਼ਵਾਸ ਰੱਖਣ ਦੀ ਗੱਲ ਤਾਂ ਕਰਦਾ ਹੈ ਪਰ ਉਸ ਨੇ ਹਜੂਮੀ ਹਿੰਸਾ ਦੀਆਂ ਘਟਨਾਵਾਂ, ਜਿਨ੍ਹਾਂ ਕਾਰਨ ਮੁਸਲਮਾਨ ਆਤੰਕ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਕਾਰਨ ਭਾਰਤ ਦੇ ਧਰਮ-ਨਿਰਪੱਖ ਅਕਸ ਨੂੰ ਨੁਕਸਾਨ ਪਹੁੰਚਿਆ ਹੈ, ਵਿਰੁੱਧ ਕੁਝ ਨਹੀਂ ਕਿਹਾ। ਇਤਿਹਾਸਕਾਰ ਆਇਸ਼ਾ ਜਲਾਲ ਨੇ ਆਪਣੇ ਵਡੇਰੇ, ਉਰਦੂ ਦੇ ਮਸ਼ਹੂਰ ਅਫ਼ਸਾਨਾਨਿਗਾਰ ਸਾਅਦਤ ਹਸਨ ਮੰਟੋ ਦੇ ਹਵਾਲੇ ਨਾਲ ਲਿਖਿਆ ਹੈ, ''ਵੰਡ ਦਾ ਦੁਖਾਂਤ ਸਿਰਫ਼ ਇਸ ਗੱਲ ਵਿਚ ਨਹੀਂ ਕਿ ਇਕ ਦੇਸ਼ ਦੀ ਥਾਂ 'ਤੇ ਦੋ ਆਜ਼ਾਦ ਦੇਸ਼ ਬਣ ਗਏ ਸਗੋਂ ਇਸ ਗੱਲ ਵਿਚ ਹੈ (ਜਿਵੇਂ ਮੰਟੋ ਨੇ ਲਿਖਿਆ ਸੀ) ਕਿ ਦੋਵੇਂ ਦੇਸ਼ ਗ਼ੁਲਾਮ ਹੋ ਗਏ; ਤਅੱਸਬ/ ਕੱਟੜਪੁਣੇ ਦੇ ਗ਼ੁਲਾਮ,... ਧਾਰਮਿਕ ਜਨੂਨ ਦੇ ਗ਼ੁਲਾਮ, ... ਕਰੂਰਤਾ, ਵਹਿਸ਼ੀਪੁਣੇ ਅਤੇ ਪਸ਼ੂਆਂ ਵਰਗੀਆਂ ਰੁਚੀਆਂ ਦੇ ਗ਼ੁਲਾਮ।'' ਅੱਜ ਵੀ ਪਾਕਿਸਤਾਨ, ਭਾਰਤ ਅਤੇ ਹੋਰ ਦੇਸ਼ਾਂ ਦੇ ਕੱਟੜਪੰਥੀ ਚਾਹੁੰਦੇ ਹਨ ਕਿ ਅਸੀਂ ਕੱਟੜਪੁਣੇ, ਤਅੱਸਬ ਤੇ ਧਾਰਮਿਕ ਜਨੂਨ ਦੇ ਗ਼ੁਲਾਮ ਰਹੀਏ; 1947 ਦਾ ਜਨੂਨ ਜਿਊਂਦਾ ਰਹੇ ਅਤੇ ਉਹ ਲੋਕਾਂ ਨੂੰ ਫ਼ਿਰਕੂ ਲੀਹਾਂ 'ਤੇ ਵੰਡ ਕੇ ਰਾਜ ਕਰਦੇ ਰਹਿਣ। ਉਹ ਇਹ ਵੀ ਚਾਹੁੰਦੇ ਹਨ ਕਿ ਅਸੀਂ ਧਾਰਮਿਕ ਕੱਟੜਪੁਣੇ ਵਿਚ ਪੈ ਕੇ ਉਸ ਤਰ੍ਹਾਂ ਦੇ ਹਿੰਦੂ ਤੇ ਮੁਸਲਮਾਨ ਬਣੀਏ ਜਿਵੇਂ ਦੇ ਉਹ ਸਾਨੂੰ ਬਣਾਉਣਾ ਚਾਹੁੰਦੇ ਹਨ, ਮਨੁੱਖ ਕਦੇ ਨਾ ਬਣੀਏ। ਮਨੁੱਖ ਬਣਨਾ ਇਸ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਹੈ।

# ਕਰਿਸਮਸ 2019 ਤੇ ਚਰਚ 'ਚ ਆ ਰਹੀ ਗਿਰਾਵਟ



ਫਰੀਡੀ ਜੋਸਫ

ਸਾਰਾ ਸੰਸਾਰ ਪ੍ਰਭੂ ਯਿਸੂ ਦਾ 2019ਵਾਂ ਜਨਮ ਦਿਨ 25 ਦਸੰਬਰ 2019 ਨੂੰ ਮਨਾਉਣ ਜਾ ਰਿਹਾ ਹੈ। ਅੱਜ ਤੋਂ 2019 ਸਾਲ ਪਹਿਲਾਂ ਯਰੂਸ਼ਲਮ ਨੇੜੇ ਬੈਤਲਹਮ ਨਾਂ ਦੇ ਅਣਗੌਲੇ ਜਹੇ ਪਿੰਡ ਵਿੱਚ ਪ੍ਰਭੂ ਯਿਸੂ ਦਾ ਜਨਮ ਉਸ ਸਮੇਂ ਹੋਇਆ ਜਦ ਦੇਸ਼ ਤੇ ਹੈਰੋਦੇਸ਼ ਦਾ ਰਾਜ ਸੀ। ਪ੍ਰਭੂ ਯਿਸੂ ਦੀ ਆਮਦ ਤੋਂ ਪਹਿਲਾਂ ਉਨ੍ਹਾਂ ਬਾਰੇ ਲਗਪਗ 300 ਭਵਿੱਖਬਾਣੀਆਂ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਪ੍ਰਭੂ ਯਿਸੂ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਇਸ ਧਰਤੀ ਤੋਂ ਜ਼ਿੰਦਾ ਉਠਾਏ ਲਏ ਜਾਣ ਬਾਰੇ ਸਾਰੇ ਵੇਰਵੇ ਦਿੱਤੇ ਗਏ ਸਨ। ਪ੍ਰਭੂ ਯਿਸੂ ਦੇ ਜਨਮ ਦੀ ਪਹਿਲੀ ਸੂਚਨਾ ਬਹੁਤ ਹੀ ਸਧਾਰਣ ਲੋਕਾਂ ਨੂੰ ਦਿੱਤੀ ਗਈ- ਭੇਡਾਂ ਚਾਰਨ ਵਾਲੇ ਅਯਾਲੀਆਂ ਨੂੰ ਦੱਸਿਆ ਗਿਆ ਕਿ ਤੁਹਾਡੇ ਲਈ ਇੱਕ ਮੁਕਤੀਦਾਤਾ ਪੈਦਾ ਹੋਇਆ ਹੈ। ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਉਸ ਬਾਲਕ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲਾ ਕਰਨ। ਦੂਸਰੀ ਸੂਚਨਾ ਸੰਸਾਰ ਦੇ ਬਹੁਤ ਬੁੱਧੀਮਾਨ ਲੋਕਾਂ ਨੂੰ ਦਿੱਤੀ ਗਈ। ਅਸਮਾਨ ਤੇ ਇੱਕ ਤਾਰਾ ਪ੍ਰਗਟ ਹੋਇਆ ਜਿਸ ਤੋਂ ਤਾਰਾ ਵਿਗਿਆਨੀਆਂ ਨੇ ਇਹ ਅਨੁਮਾਨ ਲਾਇਆ ਕਿ ਸੰਸਾਰ ਤੇ ਇਕ ਬੇਮਿਸਾਲ ਹਸਤੀ ਨੇ ਜਨਮ ਲਿਆ ਹੈ ਜਿਸਦੇ ਦਰਸ਼ਨ ਕਰਨ ਨਾਲ ਇਨਸਾਨ ਨੂੰ ਮੁਕਤੀ ਪ੍ਰਾਪਤ ਹੋਵੇਗੀ। ਬਨਾਰਸ ਤੋਂ ਵੀ ਇੱਕ ਜੋਤਸ਼ੀ ਪ੍ਰਭੂ ਯਿਸੂ ਦੇ ਦਰਸ਼ਨ ਲਈ ਨਿਕਲ ਪਿਆ। ਬਾਕੀ ਸਾਰੇ ਜੋਤਸ਼ੀ ਪ੍ਰਭੂ ਯਿਸੂ ਦੇ ਦਰਸ਼ਨ ਕਰਨ ਤੋਂ ਬਾਅਦ ਆਪੋ ਆਪਣੇ ਘਰਾਂ ਨੂੰ ਚਲੇ ਗਏ ਪਰ ਇਹ ਜੋਤਸ਼ੀ ਪ੍ਰਭੂ ਯਿਸੂ ਦਾ ਇੰਨਾ ਦੀਵਾਨਾ ਹੋ ਗਿਆ ਸੀ ਕਿ ਉਹ ਉਥੇ ਹੀ ਰਹਿ ਗਿਆ ਤੇ ਉਸ ਵਿੱਚ ਪ੍ਰਭੂ ਯਿਸੂ ਦੀਆਂ ਸ਼ਕਤੀਆਂ ਆ ਗਈਆਂ ਸਨ। ਇਸ ਗੱਲ ਦਾ ਜ਼ਿਕਰ ਨਵੇਂ ਨੇਮ ਵਿੱਚ ਮਿਲਦਾ ਹੈ।

**ਦੇਖਦਿਆਂ ਹੀ ਦੇਖਦਿਆਂ ਪ੍ਰਭੂ ਯਿਸੂ ਦਾ ਪੈਗਾਮ ਸਾਰੇ ਸੰਸਾਰ ਤੇ ਫੈਲ ਗਿਆ ਅਤੇ ਚਾਰ ਸਾਲ ਪਹਿਲਾਂ ਤੱਕ ਪ੍ਰਭੂ ਯਿਸੂ ਦਾ ਨਾਮ ਲੇਵਾ ਲੋਕ ਵਿਸ਼ਵ ਦੀ ਸਭ ਤੋਂ ਵੱਡੀ ਅਬਾਦੀ ਬਣ ਗਏ। ਸੰਸਾਰ ਦੇ 164 ਦੇਸ਼ਾਂ ਦਾ ਸਰਕਾਰੀ ਧਰਮ ਈਸਾਈਅਤ ਹੀ ਬਣ ਗਿਆ। ਪਰ ਦੁੱਖ ਦੀ ਗੱਲ ਹੈ ਕਿ 4 ਸਾਲ ਪਹਿਲਾਂ ਤੋਂ ਈਸਾਈਅਤ ਦਾ ਨਿਘਾਰ ਸ਼ੁਰੂ ਹੋ ਗਿਆ ਅਤੇ ਚਾਰ ਸਾਲ ਪਹਿਲਾਂ ਈਸਾਈਅਤ ਦਾ ਸੰਸਾਰ ਦੀ ਸਭ ਤੋਂ ਵੱਡੀ ਅਬਾਦੀ ਦਾ ਦਰਜਾ ਖਤਮ ਹੋ ਗਿਆ। ਮੁਸਲਮਾਨ ਅਬਾਦੀ ਦੇ ਪੱਖੋਂ ਨੰਬਰ ਇੱਕ ਤੇ ਆ ਗਏ। ਈਸਾਈ ਦੇਸ਼ਾਂ ਨੇ ਆਪਣੇ ਆਪ ਨੂੰ ਈਸਾਈ ਦੇਸ਼ ਦੀ ਥਾਂ ਸੈਕੂਲਰ ਕਹਾਉਣਾ ਸ਼ੁਰੂ ਕਰ ਦਿੱਤਾ ਅਤੇ ਇਸ ਸਮੇਂ ਈਸਾਈਅਤ ਬਹੁਤ ਤੇਜ਼ੀ ਨਾਲ ਹੇਠ ਨੂੰ ਆ ਰਹੀ ਹੈ। 1913 ਵਿੱਚ ਸੰਸਾਰ ਵਿੱਚ ਈਸਾਈ ਅਬਾਦੀ 93 ਫੀਸਦੀ ਸੀ ਜੋ ਅੱਜ ਘੱਟ ਕੇ 52 ਫੀਸਦੀ ਰਹਿ ਗਈ ਹੈ।**

ਦੇਖਦਿਆਂ ਹੀ ਦੇਖਦਿਆਂ ਪ੍ਰਭੂ ਯਿਸੂ ਦਾ ਪੈਗਾਮ ਸਾਰੇ ਸੰਸਾਰ ਤੇ ਫੈਲ ਗਿਆ ਅਤੇ ਚਾਰ ਸਾਲ ਪਹਿਲਾਂ ਤੱਕ ਪ੍ਰਭੂ ਯਿਸੂ ਦਾ ਨਾਮ ਲੇਵਾ ਲੋਕ ਵਿਸ਼ਵ ਦੀ ਸਭ ਤੋਂ ਵੱਡੀ ਅਬਾਦੀ ਬਣ ਗਏ। ਸੰਸਾਰ ਦੇ 164 ਦੇਸ਼ਾਂ ਦਾ ਸਰਕਾਰੀ ਧਰਮ ਈਸਾਈਅਤ ਹੀ ਬਣ ਗਿਆ। ਪਰ ਦੁੱਖ ਦੀ ਗੱਲ ਹੈ ਕਿ 4 ਸਾਲ ਪਹਿਲਾਂ ਤੋਂ ਈਸਾਈਅਤ ਦਾ ਨਿਘਾਰ ਸ਼ੁਰੂ ਹੋ ਗਿਆ ਅਤੇ ਚਾਰ ਸਾਲ ਪਹਿਲਾਂ ਈਸਾਈਅਤ ਦਾ ਸੰਸਾਰ ਦੀ ਸਭ ਤੋਂ ਵੱਡੀ ਅਬਾਦੀ ਦਾ ਦਰਜਾ ਖਤਮ ਹੋ ਗਿਆ। ਮੁਸਲਮਾਨ ਅਬਾਦੀ ਦੇ ਪੱਖੋਂ ਨੰਬਰ ਇੱਕ ਤੇ ਆ ਗਏ। ਈਸਾਈ ਦੇਸ਼ਾਂ ਨੇ ਆਪਣੇ ਆਪ ਨੂੰ ਈਸਾਈ ਦੇਸ਼ ਦੀ ਥਾਂ ਸੈਕੂਲਰ ਕਹਾਉਣਾ ਸ਼ੁਰੂ ਕਰ ਦਿੱਤਾ ਅਤੇ ਇਸ ਸਮੇਂ ਈਸਾਈਅਤ ਬਹੁਤ ਤੇਜ਼ੀ ਨਾਲ ਹੇਠ ਨੂੰ ਆ ਰਹੀ ਹੈ। 1913 ਵਿੱਚ ਸੰਸਾਰ ਵਿੱਚ ਈਸਾਈ ਅਬਾਦੀ 93 ਫੀਸਦੀ ਸੀ ਜੋ ਅੱਜ ਘੱਟ ਕੇ 52 ਫੀਸਦੀ ਰਹਿ ਗਈ ਹੈ।

ਅਮਰੀਕਾ ਵਿੱਚ ਹਰ ਸਾਲ 7000 ਚਰਚ ਬੰਦ ਹੋ ਰਹੇ ਹਨ। ਇੰਗਲੈਂਡ ਵਿੱਚ ਇੱਕ ਤਿਹਾਈ ਚਰਚਾਂ ਵਿੱਚ ਕਲੱਬ ਬਣ ਗਏ ਹਨ ਤੇ ਉਥੇ ਇਬਾਦਤਾਂ ਦੀ ਥਾਂ ਨਾਚ ਤੇ ਸ਼ਰਾਬ ਦੇ ਦੌਰ ਚਲਦੇ ਹਨ। ਚਰਚਾਂ ਵਿੱਚ ਦੂਸਰੇ ਧਰਮਾਂ ਦੇ ਪੂਜਾ ਸਥਾਨ ਬਣ ਗਏ ਹਨ। ਪ੍ਰਭੂ ਯਿਸੂ ਦਾ ਮੁਕਤੀ ਏਜੰਡਾ (1) ਭੁੱਖੇ ਨੂੰ ਰੋਟੀ (2) ਪਿਆਸੇ ਨੂੰ ਪਾਣੀ (3) ਨੰਗੇ ਨੂੰ ਕਪੜਾ (4) ਬੇਘਰੇ ਨੂੰ ਘਰ (5) ਕੈਦੀ ਦੀ ਖਬਰ ਲੈਣਾ ਅਤੇ (6) ਬਿਮਾਰ ਦੀ ਤੀਮਾਰਦਾਰੀ ਕੇਵਲ ਬਾਈਬਲ ਤੱਕ ਸਿਮਟ ਕੇ ਰਹਿ ਗਿਆ ਹੈ। ਇਸ ਏਜੰਡੇ ਕਾਰਣ ਹੀ ਈਸਾਈਅਤ ਸੰਸਾਰ ਤੇ ਫੈਲੀ ਸੀ। ਇਹ ਏਜੰਡਾ ਖਤਮ ਹੋਣ ਦੇ ਨਾਲ ਹੀ ਈਸਾਈਅਤ ਲਗਾਤਾਰ ਸੁੰਘੜਦੀ ਜਾ ਰਹੀ ਹੈ। ਈਸਾਈ ਕਲਚਰ ਖਤਮ ਹੋ ਗਿਆ, ਮਸੀਹੀ ਭਾਵਨਾਵਾਂ, ਮਸੀਹੀ ਪਿਆਰ, ਦੂਜਿਆਂ ਦੇ ਦੁੱਖਾਂ ਵਿੱਚ ਸ਼ਾਮਲ ਹੋਣ ਅਤੇ ਦੂਸਰਿਆਂ ਲਈ ਕੁਰਬਾਨੀ ਦੀ ਭਾਵਨਾ ਖੰਭ ਲਾ ਕੇ ਉੱਡ ਗਈ ਹੈ। ਆਪਣੇ ਆਪ ਬਾਈਬਲ ਦੇ ਵਿਦਵਾਨ ਕਹਾਉਣ ਵਾਲੇ ਲੋਕਾਂ ਦਾ ਹੜ੍ਹ ਆਇਆ ਹੋਇਆ ਹੈ।

ਪਰ ਬਾਈਬਲ ਦੇ ਮੂਲ ਏਜੰਡੇ ਦੀ ਗੱਲ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਸਿਮਟ ਰਹੀ ਹੈ। ਹਾਲਾਤ ਇਸ ਹੱਦ ਤੱਕ ਭਿਆਨਕ ਰੂਪ ਧਾਰਨ ਕਰ ਗਏ ਹਨ ਕਿ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਰਗੇ ਅਨੇਕਾਂ ਦੇਸ਼ਾਂ ਵਿੱਚ ਸਭ ਤੋਂ ਰੂਹਾਨੀ ਉਨ੍ਹਾਂ ਲੋਕਾਂ ਨੂੰ ਸਮਝਿਆ ਜਾ ਰਿਹਾ ਹੈ ਜੋ ਖੁਦਾ ਦਾ ਘਰ ਵੇਚਣ ਵਾਲੇ, ਕਬਰਸਤਾਨ ਵੇਚਣ ਵਾਲੇ ਅਤੇ ਖੁਦਾ ਘਰ ਦੀਆਂ ਜ਼ਮੀਨਾਂ ਵੇਚਣ ਵਾਲੇ ਹਨ, ਅੰਤਰ ਰਾਸ਼ਟਰੀ ਪੱਧਰ ਦੇ ਮਸੀਹੀ ਅਦਾਰਿਆਂ ਵਿੱਚ ਜਿਨ੍ਹਾਂ ਦੇ ਪੈਰ ਪੈਣ ਨਾਲ ਉਹ ਅਦਾਰੇ ਸੁਆਹ ਹੋ ਗਏ। ਮਸੀਹੀ ਕਲਚਰ ਲਗਪਗ ਖਤਮ ਹੋ ਗਿਆ ਹੈ। ਬੇਸਹਾਰਾ ਅਤੇ ਬੇਘਰੇ ਲੋਕਾਂ, ਬੀਮਾਰਾਂ, ਬਜ਼ੁਰਗਾਂ, ਵਿਧਵਾ ਔਰਤਾਂ, ਯਤੀਮ ਬੱਚਿਆਂ ਦੀ ਦੇਖਭਾਲ ਪ੍ਰਤੀ ਈਸਾਈਆਂ ਦੀ ਅੱਜ ਕੋਈ ਭੂਮਿਕਾ ਨਹੀਂ ਹੈ। ਈਸਾਈ ਕੇਵਲ ਇਬਾਦਤਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ।

ਅੱਜ ਜਦਕਿ ਅਸੀਂ ਆਪਣੇ ਮੁਕਤੀਦਾਤਾ ਪ੍ਰਭੂ ਯਿਸੂ ਦਾ ਜਨਮ ਦਿਨ ਮਨਾਉਣ ਜਾ ਰਹੇ ਹਾਂ, ਈਸਾਈਅਤ 'ਚ ਆ ਰਹੀ ਭਿਆਨਕ ਗਿਰਾਵਟ ਵੱਲ ਕੋਈ ਧਿਆਨ ਦੇਵੇਗਾ?

.. ਚਲਦਾ

ਕਹਾਣੀ

# ਬਾਲਮ

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409



## ਮੇਰੇ ਉਸਤਾਦ ਪੰਡਿਤ ਵਿਸ਼ਨੂੰ ਕਾਲੀਆ

ਮੇਰੇ ਸਾਹਿਤਕ ਉਸਤਾਦ ਸਨ ਪੰਡਿਤ ਵਿਸ਼ਨੂੰ ਕਾਲੀਆ ਜੀ। ਪਤਲਾ-ਦੁਬਲਾ ਲੰਬੇ ਕਦ-ਕਾਠ ਦਾ ਸਰੀਰ। ਗੋਰਾ ਰੰਗ। ਬਿੱਲੀਆਂ ਅੱਖਾਂ। ਤੀਰ-ਕਮਾਨੀ ਭਵਾਂ। ਫੁਰਤੀਲੀ ਚਾਲ। ਚੁਸਤ ਬੋਲਚਾਲ। ਹਿੰਦੀ, ਪੰਜਾਬੀ, ਉਰਦੂ, ਫ਼ਾਰਸੀ, ਤੇ ਅੰਗਰੇਜ਼ੀ ਦੇ ਵਿਦਵਾਨ ਸਾਹਿਤਕਾਰ। ਉਰਦੂ, ਹਿੰਦੀ, ਪੰਜਾਬੀ ਦੇ ਨਾਮਵਰ ਸ਼ਾਇਰ।

ਅਮੂਮਨ ਕੁੜਤੇ-ਪਜਾਮੇ ਦੇ ਨਾਲ ਕਸ਼ਮੀਰੀ ਟੋਪੀ ਪਹਿਨਦੇ ਤੇ ਵਿਸ਼ੇਸ਼ ਸਮਾਗਮਾਂ ਵਿਚ ਚੂੜੀਦਾਰ ਪਜਾਮਾਂ, ਕੁੜਤਾ, ਉਪਰੋਂ ਦੀ ਜਚਵੀਂ ਅਚਕਨ, ਜਿਸਦੇ ਅੰਦਰ-ਬਾਹਰ ਜੇਬਾਂ ਹੁੰਦੀਆਂ। ਸਿਰ ਉੱਪਰ ਸਫ਼ੇਦ ਮਾਇਆਦਾਰ ਤੁਰਲੇ ਵਾਲੀ ਪਗੜੀ। ਸਿਰ ਦੇ ਵਿਚਕਾਰ ਕੁੱਲਾ ਰੱਖ ਕੇ ਪਗੜੀ ਬੰਨਦੇ। ਪਗੜੀ ਦੇ ਉੱਪਰ ਲਿਫ਼ਾਫ਼ੇਦਾਰ ਤੁਰਲਾ ਅਤੇ ਪਗੜੀ ਦੇ ਪਿਛਲੇ ਪਾਸੇ ਲੰਬਾ 'ਲੜ' ਛੱਡਦੇ ਸੀ। ਪੈਰਾਂ ਵਿਚ ਕਾਲੇ ਰੰਗ ਦਾ ਜਲਸਾ (ਪੰਜਾਬੀ ਜੁੱਤੀ) ਪਹਿਣਦੇ। ਇਕ ਰੋਅਬਦਾਰ ਸ਼ਖ਼ਸੀਅਤ ਦੇ ਮਾਲਿਕ। ਹਲੀਮੀ ਤੇ ਕੁੜੱਤਣ ਦਾ ਸੁਮੇਲ।

ਜਦੋਂ ਮੈਂ ਉਨ੍ਹਾਂ ਨੂੰ ਆਪਣਾ ਉਸਤਾਦ ਧਾਰਿਆ, ਓਦੋਂ ਉਹ ਸੀ.ਆਈ.ਡੀ. ਵਿਭਾਗ 'ਚੋਂ ਬਤੌਰ ਇਕ ਅਫ਼ਸਰ ਸੇਵਾ ਮੁਕਤ ਹੋ ਚੁਕੇ ਸਨ। ਉਮਰ ਹੋਊ ਕੋਈ 70 ਸਾਲਾਂ ਦੇ ਕਰੀਬ। ਮੈਂ ਓਦੋਂ ਨਵੀਂ-ਨਵੀਂ ਗ਼ਜ਼ਲ ਲਿਖਣੀ ਸ਼ੁਰੂ ਕੀਤੀ ਸੀ।

ਜਦੋਂ ਮੈਂ ਉਨ੍ਹਾਂ ਨੂੰ ਆਪਣਾ ਉਸਤਾਦ ਧਾਰਿਆ ਤਾਂ ਉਨ੍ਹਾਂ ਨੇ ਆਪਣੇ ਘਰ ਵਿਚ ਇਕ ਛੋਟੀ ਜਿਹੀ ਸਾਹਿਤਕ ਮਿਲਣੀ ਬੁਲਾਈ, ਜਿਸ ਵਿਚ ਸ਼ਹਿਰ ਦੇ ਨਾਮਵਰ ਸ਼ਾਇਰ ਬੁਲਾਏ। ਉਸ ਸਮੇਂ ਮੈਂ ਉਸਤਾਦ ਜੀ ਨੂੰ ਇਕ ਪਗੜੀ, ਗੁੜ ਦੀ ਪੇਸੀ ਅਤੇ ਇਕ ਰੁਪਿਆ ਨਤਮਸਤਕ ਹੋ ਕੇ ਭੇਂਟ ਕੀਤਾ।

ਮੈਨੂੰ ਗ਼ਜ਼ਲ ਦੀ ਬੁਨਿਆਦੀ ਤਕਨੀਕ, ਬਹਿਰ, ਵਜਨ, ਪ੍ਰਤੀਕ-ਬਿੰਬ ਆਦਿ ਦੀ ਕੋਈ ਜਾਣਕਾਰੀ ਨਹੀਂ ਸੀ। ਵੈਸੇ ਮੈਂ ਉਸਤਾਦ ਜੀ ਦਾ ਨਾਂਅ ਅਖ਼ਬਾਰਾਂ ਵਿਚ ਪੜ੍ਹਦਾ ਹੁੰਦਾ ਸੀ।

ਇਕ ਦਿਨ ਮੈਂ ਉਸਤਾਦ ਜੀ ਦੇ ਘਰ ਚਲਾ ਗਿਆ। ਸਾਡੇ ਘਰ ਤੋਂ ਉਨ੍ਹਾਂ ਦੇ ਘਰ ਦਾ ਫਾਸਲਾ ਲਗਭਗ 5 ਕੁ ਮਿੰਟਾਂ ਦਾ ਹੋਵੇਗਾ। ਸਿਰਫ਼ ਇਕ ਸੜਕ ਪਾਰ ਕਰਕੇ ਦੂਸਰੀ ਗਲੀ ਵਿਚ ਉਨ੍ਹਾਂ ਦਾ ਘਰ ਸੀ। ਉਨ੍ਹਾਂ ਦਾ ਸਾਧਾਰਣ ਘਰ ਸੀ। ਪਰ ਇੰਨਾ ਜ਼ਿਆਦਾ ਸਾਫ਼-ਸੁਥਰਾ ਕਿ ਸਫ਼ਾਈ ਵਜੋਂ ਇਕ ਮੰਦਿਰ ਦੀ ਤਰ੍ਹਾਂ ਪ੍ਰਤੀਤ ਹੁੰਦਾ, ਜਿਵੇਂ ਕੋਈ ਪ੍ਰਾਚੀਨ ਮੰਦਿਰ ਹੋਵੇ।

ਉਨ੍ਹਾਂ ਦਾ ਘਰ ਗਲੀ ਦੇ ਖੱਬੇ ਪਾਸੇ ਸੀ। ਘਰ ਦੇ ਬਾਹਰ ਦੋ ਪਲਟਿਆਂ ਵਾਲੇ ਦਰਵਾਜ਼ੇ ਦੇ ਸੱਜੇ-ਖੱਬੇ ਛੋਟੇ-ਛੋਟੇ ਦੋ ਕਮਰੇ। ਵਿਚਕਾਰ ਗਲੀਨੁਮਾ ਰਸਤਾ ਤੇ ਅੱਗੇ ਛੋਟਾ ਜਿਹਾ ਵਿਹੜਾ। ਵਿਹੜੇ ਦੇ ਨਾਲ ਪਿੱਛੇ ਦੋ ਕਮਰੇ। ਵਿਹੜੇ ਦੇ ਸੱਜੇ ਪਾਸੇ ਛੋਟੀ ਜਿਹੀ ਰਸੋਈ। ਰਸੋਈ ਦੇ ਨਾਲ ਨਲਕਾ ਤੇ ਨਾਲ ਗੁਸਲਖ਼ਾਨਾ। ਖੱਬੇ ਪਾਸੇ ਛੋਟਾ ਜਿਹਾ ਸਟੋਰ। ਬਸ ਏਨਾ ਕੁ ਘਰ ਸੀ ਉਸਤਾਦ ਜੀ ਦਾ। ਛੱਤਾਂ ਛਤੀਰੀਆਂ ਤੇ ਬਾਲਿਆਂ ਦੀਆਂ। ਕੁਲ ਮਿਲਾ ਕੇ ਛੋਟੇ ਜਿਹੇ ਚਾਰ ਕੁ ਮਰਲਿਆਂ ਦਾ ਘਰ। ਵਿਹੜੇ ਵਿਚ ਲੱਕੜ ਦਾ ਸਾਧਾਰਣ ਤਖ਼ਤਪੋਸ਼, ਜਿਸ ਉੱਪਰ ਇਕ ਸਾਫ਼-ਸੁਥਰੀ ਦਰੀ (ਚਟਾਈ) ਵਿਛੀ ਹੋਈ ਹੁੰਦੀ ਸੀ। ਤਖ਼ਤਪੋਸ਼ ਦੇ ਵਿਚਕਾਰ ਸੈਂਚੀ ਉੱਪਰ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਲੋਕਾਂ ਦੀ ਪੋਥੀ ਦਾ ਪ੍ਰਕਾਸ਼ ਮੌਕੇ-ਮੌਕੇ ਮੁਤਾਬਿਕ ਹੁੰਦਾ ਰਹਿੰਦਾ। ਇਹ ਧਾਰਮਿਕ ਪਵਿੱਤਰ ਕਾਰਜ ਉਨ੍ਹਾਂ ਦੀ ਪਤਨੀ ਵਲੋਂ ਹੁੰਦਾ ਸੀ।

ਉਸਤਾਦ ਜੀ ਦੀ ਪਤਨੀ ਧਾਰਮਿਕ ਖ਼ਿਆਲਾਂ ਦੀ ਅਤੇ ਸ਼ਹਿਰ ਦੇ ਸਭ ਤੋਂ ਅਮੀਰ ਮਹੰਤਾਂ ਦੀ ਧੀ ਸੀ। ਉਨ੍ਹਾਂ ਦੀ ਸਫ਼ੇਦ ਸਾੜੀ, ਦੁੱਧ ਚਿੱਟੇ ਵਾਲ। ਗੋਰਾ ਚਿੱਟਾ ਰੰਗ। ਦਰਮਿਆਨਾ ਕੱਦ। ਹਸੂੰ-ਹਸੂੰ ਕਰਦਾ ਚਿਹਰਾ। ਹਲੀਮੀ ਅਤੇ ਖ਼ੁਸ਼ਬੂਦਾਰ ਸ਼ਬਦਾਂ ਦਾ ਉਚਾਰਣ। ਸਾਰੇ ਮੁਹੱਲੇ ਵਾਲੇ ਉਨ੍ਹਾਂ ਦਾ ਦਿਲੋਂ ਆਦਰ-ਸਤਿਕਾਰ ਕਰਦੇ। ਸਭ ਧਰਮਾਂ ਬਾਰੇ ਉਨ੍ਹਾਂ ਨੂੰ ਗਿਆਨ ਸੀ। ਖ਼ਾਸ ਕਰਕੇ ਹਿੰਦੂ ਅਤੇ ਸਿੱਖ ਧਰਮ ਦੇ ਕਿਸੇ ਵੀ ਵਿਸ਼ੇ ਉੱਪਰ ਉਹ ਲਗਾਤਾਰ ਬੋਲ ਸਕਦੇ ਸੀ। ਗੁਰੂਆਂ, ਰਿਸ਼ੀਆਂ-ਮੁਨੀਆਂ ਦੀਆਂ ਉਨ੍ਹਾਂ ਨੂੰ ਕਈ ਕਥਾਵਾਂ, ਸ਼ਲੋਕ, ਕਵਿਤਾਵਾਂ, ਦੰਦ-ਕਥਾਵਾਂ, ਜ਼ੁਬਾਨੀ ਯਾਦ ਸਨ।

ਉਸਤਾਦ ਜੀ ਪੰਜਾਬੀ, ਹਿੰਦੀ ਅਤੇ ਉਰਦੂ ਸਾਹਿਤ ਦੇ ਲਗਭਗ ਹਰ ਇਕ ਵਿਸ਼ੇ ਉੱਪਰ ਲਿਖਣ ਵਿਚ ਮੁਹਾਰਤ ਰਖਦੇ ਸੀ। ਉਨ੍ਹਾਂ ਤਿੰਨਾਂ ਭਾਸ਼ਾਵਾਂ ਵਿਚ ਪਦ ਤੇ ਗਦ ਦੀਆਂ ਕਈ ਪੁਸਤਕਾਂ ਲਿਖੀਆਂ। ਉਸਤਾਦ ਜੀ ਰਾਜ ਪੱਧਰ 'ਤੇ ਭਾਸ਼ਾ ਵਿਭਾਗ ਤੋਂ ਸਾਹਿਤਕ ਪੈਨਸ਼ਨ ਵੀ ਲੈਂਦੇ ਸਨ।

ਮੈਂ ਉਨ੍ਹਾਂ ਕੋਲੋਂ ਲਗਭਗ ਛੇ ਸਾਲ ਦੇ ਕਰੀਬ ਸਾਹਿਤਕ ਸਲਾਹ-ਮਸ਼ਵਰਾ ਲਿਆ। ਸਾਹਿਤ ਦੀਆਂ ਬਾਰੀਕੀਆਂ ਬਾਰੇ ਗਿਆਨ ਲਿਆ। ਉਨ੍ਹਾਂ ਤੋਂ ਮੈਂ ਨਿੱਜੀ ਤੇ ਬਾਹਰੀ ਜ਼ਿੰਦਗੀ ਬਾਰੇ ਬਹੁਤ ਕੁਝ ਸਿੱਖਿਆ। ਉਨ੍ਹਾਂ ਤੋਂ ਇਕ ਪਿਤਾ ਦਾ ਅਤੇ ਇਕ ਸੱਚੇ ਦੋਸਤ ਵਰਗਾ ਪਿਆਰ ਹਾਸਿਲ ਕੀਤਾ।

ਉਹ ਹਲੀਮੀ ਵਿਚ ਰਹਿਣ ਵਾਲੇ ਇਕ ਗੁੱਸੇ ਭਰੇ ਮਿਜਾਜ਼ ਦੇ ਵਿਅਕਤੀ ਸਨ। ਸਦਾ ਸੱਚ ਵਿਚ ਹਲੀਮੀ ਅਤੇ ਜੇ ਕੋਈ ਝੂਠ ਬੋਲੇ ਤਾਂ ਗੁੱਸੇ ਵਿਚ ਆ ਜਾਂਦੇ ਸੀ। ਨਸ਼ਿਆਂ ਦੇ ਬਹੁਤ ਖ਼ਿਲਾਫ਼ ਸਨ। ਮੁਕੰਮਲ ਸ਼ਾਕਾਹਾਰੀ ਸਨ। ਮੈਂ ਉਨ੍ਹਾਂ ਤੋਂ ਇਕ ਚੰਗੇ ਇਨਸਾਨ ਵਾਲੇ ਬਹੁਤ ਸਾਰੇ ਗੁਣ ਹਾਸਿਲ ਕੀਤੇ। ਉਹ ਆਪਣੀ ਈਮਾਨਦਾਰੀ, ਅਨੁਸ਼ਾਸਨ, ਸੱਚੇ ਦੇਸ਼ ਭਗਤ ਵਾਲੀਆਂ ਅਨੇਕਾਂ ਹੀ ਹੱਡ ਬੀਤੀਆ ਸੱਚੀਆਂ ਕਹਾਣੀਆਂ ਸੁਣਾਂਦੇ। ਉਸਤਾਦ ਜੀ ਅੜੀਅਲ ਤੇ ਕੱਬੇ ਸੁਭਾਅ ਦੇ ਵਿਅਕਤੀ ਸਨ ਪਰ ਦਿਲ ਦੇ ਕੋਰੇ ਰੂਹ ਦੇ ਸੱਚੇ ਸੀ।

ਉਨ੍ਹਾਂ ਦੇ ਬਹੁਤ ਸਾਰੇ ਸ਼ਗਿਰਦ ਅੱਧ ਵਿਚਾਲੇ ਇਸ ਕਰਕੇ ਦੌੜ ਗਏ ਕਿ ਉਹ ਮੂੰਹ ਫੱਟ ਅਤੇ ਅਜ਼ਮਾਇਸ਼ ਕਰਨ ਵਾਲੇ ਵਿਅਕਤੀ ਸਨ। ਬੰਦੇ ਦੀ ਪਰਖ ਦੂਰ ਤੱਕ ਕਰਦੇ ਸਨ, ਫਿਰ ਉਸਨੂੰ ਸ਼ਗਿਰਦ ਬਣਾਉਂਦੇ ਸਨ। ਕੀ ਉਸ ਵਿਚ ਕਵਿਤਾ ਦਾ, ਸਾਹਿਤ ਦਾ ਸੇਕ ਹੈ ਤਾਂ ਹੀ ਉਸਨੂੰ ਸ਼ਗਿਰਦ ਬਣਾਉਂਦੇ। ਮੈਂ ਅਤੇ ਇਕ ਹੋਰ ਸ਼ਗਿਰਦ ਹੀ ਉਨ੍ਹਾਂ ਦੇ ਅੰਤਿਮ ਸਮੇਂ ਤੱਕ ਨਾਲ ਰਹੇ। ਬਾਕੀ ਸਭ ਉਨ੍ਹਾਂ ਦੇ ਕੌੜੇ, ਸੱਚੇ ਸੁਭਾਅ ਤੋਂ ਪਰੇਸ਼ਾਨ ਹੋ ਕੇ ਦੌੜ ਗਏ। ਸੱਚੇ ਤੇ ਈਮਾਨਦਾਰ ਬੰਦੇ ਨਾਲ ਉਨ੍ਹਾਂ ਦੀ ਬਹੁਤ ਬਣਦੀ ਸੀ। ਉਨ੍ਹਾਂ ਬੰਦਿਆਂ ਉੱਪਰ ਉਹ ਜਾਨ ਨੌਛਾਵਰ ਕਰ ਦਿੰਦੇ ਸੀ।

ਸੀ.ਆਈ.ਡੀ. ਮਹਿਕਮੇ ਦੀ ਨੌਕਰੀ ਦੇ ਦੌਰਾਨ ਉਹ ਈਮਾਨਦਾਰੀ ਕਰਕੇ ਕਈ ਵਾਰ ਸਸਪੈਂਡ ਹੋਏ। ਉਨ੍ਹਾਂ ਮੈਨੂੰ ਦੱਸਿਆ ਇਕ ਵਾਰੀ ਉਹ ਇਕ ਸ਼ਹਿਰ ਦੇ ਸਿਟੀ ਪੁਲਿਸ ਇੰਚਾਰਜ਼ ਸਨ ਤਾਂ ਇਕ ਐਸੱ.ਐਸੱ.ਪੀ. ਨੇ ਉਨ੍ਹਾਂ ਨੂੰ ਕਿਹਾ ਕਿ ''ਮੇਰੇ ਬੱਚਿਆਂ ਨੂੰ ਸਵੇਰੇ ਸ਼ਾਮ ਸਕੂਲ ਆਉਣ ਜਾਣ ਲਈ ਕੋਈ ਇੰਤਜ਼ਾਮ ਕਰਨ ਅਤੇ ਘਰ ਦੀਆਂ ਜ਼ਰੂਰੀ ਚੀਜ਼ਾਂ ਵੀ ਪਹੁੰਚਾਈਆਂ ਜਾਣ।'' ਤਦ ਉਸਤਾਦ ਜੀ ਨੇ ਉਸ ਐਸੱ.ਐਸੱ.ਪੀ. ਨੂੰ ਇੰਝ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ, ਜਿਸਦੇ ਬਦਲੇ ਉਸਤਾਦ ਜੀ ਉੱਪਰ ਐਸੱ.ਐਸੱ.ਪੀ. ਨੇ ਇਕ ਝੂਠਾ ਕੇਸ ਪੁਆ ਕੇ, ਕੈਦ ਵੀ ਕਰਵਾਈ ਪਰ ਕੁਝ ਸਾਲਾਂ ਬਾਅਦ ਉਹ ਬਰੀ ਹੋ ਗਏ ਪਰ ਐਸੱ.ਐਸੱ.ਪੀ. ਦੀ ਗੁਲਾਮੀ ਅੱਗੇ ਝੁਕੇ ਨਹੀਂ।

ਉਸਤਾਦ ਜੀ ਨੇ ਦੱਸਿਆ ਕਿ ਇਕ ਵਾਰੀ ਜਦੋਂ ਉਹ ਸੀ.ਆਈ.ਡੀ. ਵਿਚ ਅਫ਼ਸਰ ਸਨ ਤਾਂ ਓਦੋਂ ਨਵਾਂ-ਨਵਾਂ ਭਾਰਤ ਆਜ਼ਾਦ ਹੋਇਆ ਸੀ ਤਾਂ ਉਸ ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਦਾ ਛੋਟਾ ਭਰਾ ਮੇਦਨ ਸਿੰਘ ਮੇਦਨ ਜੋ ਇਕ ਵਧੀਆ ਸਾਹਿਤਕਾਰ, ਨਾਟਕਕਾਰ, ਅਭਿਨੈਕਾਰ, ਪੇਂਟਰ, ਡ੍ਰਿਫਟ ਵੁਡੱਜ, ਪਿੱਪਲ ਦੇ ਪੱਤਿਆਂ ਉੱਪਰ ਚਿੱਤਰਕਾਰੀ ਕਰਨ ਵਾਲਾ ਪਰਪੱਕ ਕਲਾਕਾਰ ਅਤੇ ਸਵਤੰਤਰਤਾ ਸੰਗਰਾਮੀ ਸੀ।



ਮੇਦਨ ਸਿੰਘ ਮੇਦਨ ਉਸਤਾਦ ਜੀ ਦਾ ਪੱਕਾ ਦੋਸਤਾ ਸੀ। ਮੇਦਨ ਸਿੰਘ ਨੇ ਕ੍ਰਾਂਤੀਕਾਰੀ, ਸਮਾਜ ਸੁਧਾਰਕ ਵਿਸ਼ਿਆਂ ਉੱਪਰ ਕਈ ਪਦ-ਗਦ ਰਚਨਾਵਾਂ ਲਿਖੀਆਂ। ਕਈ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾਈਆਂ। ਮੇਦਨ ਸਿੰਘ ਮੇਦਨ ਮਸ਼ਹੂਰ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਆ ਸਨ। ਉਹ ਦੋ ਉਮਰ ਕੈਦਾਂ ਦੀ ਸਜ਼ਾ ਭੁਗਤ ਚੁਕੇ ਸਨ। ਉਨ੍ਹਾਂ ਜੇਲ੍ਹ ਵਿਚ ਬਹੁਤ ਸੁਧਾਰ ਕੀਤੇ। ਜੇਲ੍ਹਾਂ ਵਿਚ ਸੁਧਾਰਵਾਦੀ, ਮਾਨਵਤਾਵਾਦੀ ਕਈ ਨਾਟਕ ਖੇਡੇ। ਉਹ ਪਰਪੱਕ ਕਲਾਕਾਰ, ਨਾਟਕ ਦੇ ਸੂਤਰਧਾਰ, ਰੰਗ ਮੰਚ ਦੇ ਸੂਤਰਧਾਰ ਸਨ। ਉਨ੍ਹਾਂ ਜੇਲ੍ਹ ਵਿਚ ਰਹਿ ਕੇ ਇਕ ਫ਼ਿਲਮ ਵੀ ਬਣਾਈ, ਜਿਸ ਵਿਚ ਉਹ ਖ਼ੁਦ ਹੀਰੋ ਦੇ ਰੋਲ ਵਿਚ ਸਨ। ਪਰਦੇ ਵਾਲੀ ਇਹ ਫ਼ਿਲਮ ਅੱਜ ਵੀ ਉਨ੍ਹਾਂ ਦੇ ਪਰਿਵਾਰ ਕੋਲ ਮੌਜੂਦ ਹੈ। ਮੇਦਨ ਸਿੰਘ ਮੇਦਨ ਗੋਰੇ ਚਿੱਟੇ, ਉਚੇ ਕੱਦਕਾਠ ਦੇ, ਆਕਰਸ਼ਕ ਸ਼ਖ਼ਸੀਅਤ ਦੇ ਮਾਲਿਕ ਸਨ।

ਉਸਤਾਦ ਜੀ ਨੇ ਦੱਸਿਆ ਕਿ ਮਹਿਕਮੇਂ ਵਲੋਂ ਇਕ ਵੇਰ ਉਨ੍ਹਾਂ ਦੀ ਡਿਊਟੀ ਲਗਾਈ ਗਈ ਕਿ ਭਗੌੜੇ ਮੇਦਨ ਸਿੰਘ ਮੇਦਨ ਨੂੰ ਜ਼ਿੰਦਾ ਫੜਿਆ ਜਾਵੇ ਕਿਉਂਕਿ ਮੇਦਨ ਸਿੰਘ ਮੇਦਨ ਉੱਪਰ ਦੇਸ਼ ਧ੍ਰੋਹ ਦੇ ਅੰਗਰੇਜ਼ਾਂ ਵਲੋਂ ਕਈ ਝੂਠੇ-ਸੱਚੇ ਕੇਸ ਪਾਏ ਹੋਏ ਸਨ। ਮਹਿਕਮੇ ਨੂੰ ਨਹੀਂ ਸੀ ਪਤਾ ਕਿ ਉਸਤਾਦ (ਪੰਡਿਤ ਵਿਸ਼ਨੂੰ ਕਾਲੀਆ) ਅਤੇ ਸਰਦਾਰ ਮੇਦਨ ਸਿੰਘ ਮੇਦਨ ਦੀ ਗਹਿਰੀ ਸਾਹਿਤਕ ਅਤੇ ਨਿੱਜੀ ਦੋਸਤੀ ਹੈ।

ਰਾਤ ਦੇ ਵਕਤ ਉਸਤਾਦ ਜੀ ਮੇਦਨ ਸਿੰਘ ਮੇਦਨ ਜੀ ਦੇ ਪਿੰਡ ਗਏ ਤੇ ਉਨ੍ਹਾਂ ਨੂੰ ਕਹਿਣ ਲੱਗ ਕਿ ਮੇਰੀ ਸਰਕਾਰੀ ਤੌਰ 'ਤੇ ਤੈਨੂੰ ਜ਼ਿੰਦਾ ਗ੍ਰਿਫ਼ਤਾਰ ਕਰਨ ਦੀ ਡਿਊਟੀ ਲਗੀ ਹੈ। ਕਈ ਹੋਰ ਮੁਲਾਜ਼ਿਮ ਵੀ ਤੇਰੀ ਭਾਲ ਵਿਚ ਹਨ। ਤੂੰ ਇਸ ਤਰ੍ਹਾਂ ਕਰ ਤੂੰ ਮੇਰੇ ਹੀ ਘਰ ਆ ਜਾ ਕਿਉਂਕਿ ਸਰਕਾਰ ਨੇ ਤੈਨੂੰ ਫੜਣ ਲਈ ਪੁਲਿਸ ਦੀਆਂ ਕਈ ਟੀਮਾਂ ਬਣਾਈਆਂ ਹਨ, ਜੋ ਤੇਰੇ ਟਿਕਾਣਿਆਂ ਉੱਪਰ, ਰਿਸ਼ਤੇਦਾਰਾਂ ਦੇ ਘਰਾਂ ਵਿਚ, ਦੋਸਤਾਂ ਦੇ ਘਰਾਂ ਵਿਚ ਤੈਨੂੰ ਫੜਣ ਲਈ ਛਾਪੇ ਮਾਰਨਗੇ। ਤੂੰ ਮੇਰੇ ਘਰ ਆ ਜਾ ਕਿਉਂਕਿ ਸਰਕਾਰ ਨੇ ਇਕ ਮਹੀਨੇ ਦਾ ਸਮਾਂ ਦਿੱਤਾ ਹੈ।

ਫਿਰ ਤੜਕ ਸਾਰ ਮੇਦਨ ਸਿੰਘ ਭੇਸ ਬਦਲ ਕੇ ਉਸਤਾਦ ਜੀ ਘਰ ਆ ਗਏ। ਇਕ ਮਹੀਨਾ ਉਨ੍ਹਾਂ ਦੇ ਘਰ ਵਿਚ ਹੀ ਰਹੇ। ਉਥੇ ਹੀ ਖਾਣ-ਪੀਣ ਸੌਣ ਆਦਿ ਦਾ ਇੰਤਜ਼ਾਮ ਕੀਤਾ ਹੋਇਆ ਸੀ। ਕਿਸੇ ਨੂੰ ਭਿਣਕ ਤੱਕ ਨਾ ਲੱਗੀ ਕਿ ਮੇਦਨ ਸਿੰਘ ਮੇਦਨ ਕਿੱਥੇ ਹੈ।

ਉਸਤਾਦ ਜੀ ਆਪਣੀ ਸਰਕਾਰੀ ਡਿਊਟੀ ਦੇ ਮੁਤਾਬਿਕ ਮੇਦਨ ਜੀ ਨੂੰ ਲੱਭਣ ਲਈ ਬਾਹਰ ਚਲੇ ਜਾਂਦੇ ਅਤੇ ਰਾਤ ਨੂੰ ਘਰ ਆਉਂਦੇ। ਕਦੀ-ਕਦੀ ਉਹ ਹਫ਼ਤਾ-ਹਫ਼ਤਾ ਘਰ ਹੀ ਨਾ ਆਉਂਦੇ।

ਪੁਲਿਸ ਦੀਆਂ ਟੁਕੜੀਆਂ ਨਾਲ ਮੇਦਨ ਜੀ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦੇ। ਮੇਦਨ ਜੀ ਦਾ ਕੋਈ ਟਿਕਾਣਾ ਨਾ ਛੱਡਦੇ।

ਪੁਲਿਸ ਅਤੇ ਸੀ.ਆਈ.ਡੀ. ਨੇ ਮੇਦਨ ਜੀ ਦਾ ਕੋਈ ਟਿਕਾਣਾ ਨਾ ਛੱਡਿਆ ਪਰ ਮੇਦਨ ਜੀ ਕਿੱਥੋਂ ਲਭਦੇ?

ਇਸ ਤਰ੍ਹਾਂ ਇਕ ਮਹੀਨਾ ਬੀਤ ਗਿਆ। ਮੇਦਨ ਜੀ ਦਾ ਕੋਈ ਪਤਾ ਨਾ ਲਗਾ। ਉਸਤਾਦ ਜੀ ਨੇ ਮਹਿਕਮੇ ਨੂੰ ਲਿਖ ਕੇ ਭੇਜ ਦਿੱਤਾ ਕਿ ਮੇਦਨ ਸਿੰਘ ਦਾ ਕੋਈ ਥਹੁ ਪਤਾ ਨਹੀਂ ਲੱਗਿਆ।

ਉਸਤਾਦ ਜੀ ਨੇ ਇਕ ਮਹੀਨਾ ਆਪਣੇ ਘਰ ਵਿਚ ਰੱਖਿਆ ਅਤੇ ਆਪ ਖ਼ੁਦ ਉਨ੍ਹਾਂ ਨੂੰ ਲੱਭਣ ਲਈ ਕਈ-ਕਈ ਦਿਨ ਡਿਊਟੀ 'ਤੇ ਬਾਹਰ ਰਹਿੰਦੇ। ਇਹ ਸਨ ਉਸ ਸਮੇਂ ਜਾਤ-ਪਾਤ ਰਹਿਤ ਸ਼ੁੱਧ ਭਾਰਤੀ ਯਾਰਾਨੇ।

ਇਕ ਦਿਨ ਮੈਂ ਸ਼ਾਮ ਢਲੇ ਦੇ ਸਮੇਂ ਉਸਤਾਦ ਜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਤੇ ਕਹਿਣ ਲੱਗੇ, ''ਯਾਰ, ਬਾਲਮ ਤੇਰੀ ਆਂਟੀ (ਉਸਤਾਦ ਜੀ ਦੀ ਪਤਨੀ) ਦੋ ਤਿੰਨ ਦਿਨਾਂ ਤੋਂ ਬਹੁਤ ਸਖ਼ਤ ਬਿਮਾਰ ਹੈ। ਬੜਾ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਹੀਂ ਪੈ ਰਿਹਾ। ਚੰਗੇ ਚੰਗੇ ਡਾਕਟਰਾਂ ਨੂੰ ਵੀ ਵਿਖਾਇਆ ਹੈ। ਬਿਮਾਰੀ ਦਾ ਪਤਾ ਨਹੀਂ ਲਗ ਰਿਹਾ।

ਪਰ ਕੁਝ ਦਿਨਾਂ ਬਾਅਦ ਹੀ ਮਾਤਾ ਜੀ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਮਾਤਾ ਜੀ ਦੀ ਉਮਰ ਲਗਭਗ 75 ਸਾਲਾਂ ਦੇ ਕਰੀਬ ਹੋਵੇਗੀ।

ਮੈਨੂੰ ਉਸਤਾਦ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪਤਨੀ ਨਾਲ 'ਲਵ ਮੈਰਿਜ' ਕੀਤੀ ਸੀ। ਬਹੁਤ ਵੱਡੇ ਅਮੀਰ ਘਰ ਦੀ ਧੀ ਸੀ ਅਤੇ ਉਸਤਾਦ ਜੀ ਮਾਮੂਲੀ ਪੁਲਿਸ ਮੁਲਾਜ਼ਿਮ। ਘਰੋਂ ਦੌੜ ਕੇ ਉਨ੍ਹਾਂ ਦੀ ਪਤਨੀ ਨੇ ਗੁਪਤ ਜਬਰਦਸਤੀ ਸ਼ਾਦੀ ਕੀਤੀ ਸੀ। ਜਿੰਨੀ ਉਸਤਾਦ ਜੀ ਦੀ ਤਨਖ਼ਾਹ ਸੀ ਓਨੇ ਪੈਸਿਆਂ ਦੇ ਤਾਂ ਮਾਤਾ (ਜਦੋਂ ਕੁਵਾਰੇ ਸਨ) ਕਪੜੇ ਹੀ ਪਾ ਲੈਂਦੇ ਸਨ। ਖ਼ੈਰ ਉਹ ਕਹਾਣੀ ਬਹੁਤ ਲੰਬੀ ਫਿਰ ਕਦੀ ਸਹੀ।

ਉਸਤਾਦ ਜੀ ਦੇ ਦੋ ਲੜਕੇ ਸਨ, ਇਕ ਬੈਂਕ ਮੈਨੇਜਰ ਅਤੇ ਦੂਸਰਾ ਇੰਟੈਲੀਜੈਂਸ ਬਿਓਰੋ 'ਚ ਉੱਚ ਮੁਲਾਜ਼ਿਮ ਸੀ। ਦੋਵੇਂ ਬਾਹਰ ਰਹਿੰਦੇ ਸਨ ਜਿੱਥੇ ਉਨ੍ਹਾਂ ਦੀ ਨੌਕਰੀ ਹੁੰਦੀ। ਦੋਵੇਂ ਸ਼ਾਦੀਸ਼ੁਦਾ ਤੇ ਆਪਣੇ-ਆਪਣੇ ਪਰਿਵਾਰ ਵਿਚ ਖ਼ੁਸ਼ਹਾਲ। ਘਰ ਵਿਚ ਉਸਤਾਦ ਜੀ ਅਤੇ ਉਨ੍ਹਾਂ ਦੀ ਪਤਨੀ ਹੀ ਰਹਿੰਦੇ ਸਨ।

ਉਸਤਾਦ ਜੀ ਦੇ ਸਹੁਰੇ ਬਹੁਤ ਅਮੀਰ ਸਨ ਪਰ ਉਹ ਉਸਤਾਦ ਜੀ ਤੋਂ ਬਹੁਤ ਡਰਦੇ ਸਨ। ਕਿਉਂਕਿ ਉਸਤਾਦ ਜੀ ਨੇ ਕਦੀ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ। ਉਸਤਾਦ ਜੀ ਦੇ ਸਾਲਿਆਂ ਨੇ ਕਈ ਵਾਰੀ ਕਿਹਾ ਸੀ ਕਿ ਪੰਡਿਤ ਜੀ ਸ਼ਹਿਰ ਦੇ ਕਿਸੇ ਏਰੀਏ 'ਚ ਜਿੰਨਾ ਵੱਡਾ ਪਲਾਟ ਚਾਹੀਦਾ ਹੈ ਲੈ ਲਵੋ, ਕੋਠੀ ਬਣਾ ਲਵੋ। ਅਸੀਂ ਕੋਠੀ ਦੇ ਪੈਸੇ ਦੇ ਦਿਆਂਗੇ। ਪਰ ਉਸਤਾਦ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ ਤੇ ਆਪਣੀ ਸੱਚੀ ਸੁੱਚੀ ਆਨ-ਸ਼ਾਨ-ਮਾਨ ਵਾਲੀ ਜ਼ਿੰਦਗੀ ਵਿਚ ਰਹੇ। ਭਿਖਾਰੀ ਤੇ ਲਾਲਚੀ ਬਣ ਕੇ ਉਹ ਨਹੀਂ ਜੀਵੇ। ਲਾਲਚੀ ਹੁੰਦੇ ਤਾਂ ਕੋਠੀ ਬਣਵਾ ਸਕਦੇ ਸਨ। ਉਹ ਸਾਰੀ ਉਮਰ ਛੋਟੇ ਜਿਹੇ ਪੁਰਾਣੇ ਘਰ ਵਿਚ ਹੀ ਰਹੇ। ਕਿਸੇ ਦੀ ਵੀ ਆਰਥਿਕ ਤੌਰ 'ਤੇ ਗੁਲਾਮੀ ਨਹੀਂ ਕੀਤੀ।

ਉਹ ਮੈਨੂੰ ਕਿਹਾ ਕਰਦੇ ਸਨ ਕਿ ਵੇਖ ਪੁੱਤਰ, ਵੱਡੇ-ਵੱਡੇ ਮਹਿਲਾ ਵਾਲਿਆਂ, ਧਨ-ਦੌਲਤ ਵਾਲਿਆਂ ਵੀ ਇੱਥੋਂ ਤੁਰ ਜਾਣਾ ਏਂ ਪਰ ਈਮਾਨਦਾਰੀ ਦੀ ਉਦਾਹਰਣ ਸਮਾਜ ਨੂੰ, ਪੀੜੀਆਂ ਨੂੰ, ਰੌਸ਼ਨੀ ਦਿੰਦੀ ਰਹਿੰਦੀ ਹੈ। ਤਰੱਕੀ ਦਾ ਸੂਤਰ ਈਮਾਨਦਾਰੀ ਹੀ ਹੈ। ਈਮਾਨਦਾਰੀ ਦੀ ਖ਼ੁਸ਼ਬੂ ਬੰਦੇ ਦੇ ਮਰਨ ਤੋਂ ਬਾਅਦ ਵੀ ਆਉਂਦੀ ਰਹਿੰਦੀ ਹੈ। ਉਹੋ ਲੋਕ ਸਮਾਜ ਵਿਚ ਉਦਾਹਰਣ ਬਣਦੇ ਹਨ ਜੋ ਈਮਾਨਦਾਰੀ ਨਾਲ ਸੱਚਾ-ਸੁੱਚਾ ਜੀਵਨ ਬਤੀਤ ਕਰਦੇ ਹਨ। ਬੰਦੇ ਨੇ ਕੋਈ ਹਜ਼ਾਰ ਸਾਲ ਥੋੜ੍ਹੀ ਜੀਣਾ ਏਂ। ਇਹ ਜਾਇਦਾਦ, ਧਨ-ਦੌਲਤ ਇੱਥੇ ਹੀ ਰਹਿ ਜਾਣੀ ਏਂ, ਦੇਸ਼ ਲਈ, ਸਮਾਜ ਲਈ ਕੁਝ ਇਹੋ ਜਿਹਾ ਛੱਡ ਜਾਓ ਕਿ ਦੁਨੀਆਂ ਤੁਹਾਨੂੰ ਯਾਦ ਕਰੇ, ਤੁਹਾਡੀ ਸੱਚੀ-ਸੁੱਚੀ ਕਰਮਸ਼ੀਲਤਾ ਤੋਂ ਕੁਝ ਸਿੱਖ ਸਕੇ। ਆਪਣੀ ਕਮਾਈ ਵਿਚ ਸੰਤੁਸ਼ਟੀ ਹੋਣੀ ਚਾਹੀਦੀ ਹੈ। ਮੀਟ ਮੁਰਗੇ ਖਾਣ ਵਾਲੇ, ਸ਼ਰਾਬਾਂ ਪੀਣ ਵਾਲੇ, ਬਹੁਤ ਧਨ-ਦੌਲਤ ਵਾਲੇ ਕੋਈ ਹਜ਼ਾਰ ਸਾਲ ਥੋੜ੍ਹੀ ਜੀਣਗੇ, ਬੰਦੇ ਦੀ ਉਮਰ ਵੱਧ ਤੋਂ ਵੱਧ ਸੌ ਸਾਲ ਹੈ। ਈਮਾਨਦਾਰੀ ਤੇ ਸੱਚ ਦਾ ਪਲੜਾ ਨਾ ਛੱਡੋ।

ਉਸਤਾਦ ਜੀ ਦੀ ਪਤਨੀ 75 ਸਾਲਾਂ ਦੇ ਕਰੀਬ ਪੂਰੇ ਹੋ ਗਏ। ਮਾਤਾ ਜੀ ਦੀ ਮ੍ਰਿਤਕ ਦੇ ਵਿਹੜੇ ਵਿਚ ਪਈ ਸੀ। ਦੁਪਹਿਰ ਬਾਅਦ ਉਨ੍ਹਾਂ ਦਾ ਸਸਕਾਰ ਕਰਨਾ ਸੀ। ਉਨ੍ਹਾਂ ਦੇ ਪੁੱਤਰ, ਨੂੰਹਾਂ, ਪੋਤਰੇ, ਪੋਤਰੀਆਂ, ਰਿਸ਼ਤੇਦਾਰ, ਮਿੱਤਰ ਸਨੇਹੀ ਸਭ ਇਕੱਠੇ ਹੋ ਰਹੇ ਸੀ। ਚਾਰ ਪਾਸੇ ਸ਼ੋਕ ਦੀ ਤਨਹਾਈ ਪਸਰੀ ਪਈ ਸੀ।

ਉਸਤਾਦ ਜੀ ਮੈਨੂੰ ਅਤੇ ਦੂਸਰੇ ਸ਼ਗਿਰਦ ਨੂੰ ਆਵਾਜ਼ ਮਾਰ ਕੇ ਕਹਿਣ ਲੱਗੇ, ''ਬਾਜ਼ਾਰ ਜਾਓ ਤੇ ਅਰਥੀ ਬਣਵਾ ਕੇ ਲੈ ਆਓ ਪਰ ਸੁਣੋਂ, ਜਿਹੜੀ ਅਰਥੀ ਬਣਵਾਉਣੀ ਹੈ ਉਸਦੇ ਵਿਚਕਾਰ ਡੋਲੀ ਬਣਵਾ ਕੇ ਲਿਆਉਣਾ।''

ਮੈਂ ਤੇ ਮੇਰੇ ਗੁਰਭਾਈ ਨੇ ਹੈਰਾਨੀ ਨਾਲ ਕਿਹਾ, ''ਉਸਤਾਦ ਜੀ, ਇਹ ਕਿਵੇਂ ਹੋ ਸਕਦਾ? ਕਿ ਅਰਥੀ ਵਿਚ ਡੋਲੀ ਬਣਾਈ ਜਾ ਸਕੇ। ਇਹ ਤਾਂ ਕਦੀ ਸੁਣਿਆ ਹੀ ਨਹੀਂ!''

ਉਹ ਗੁੱਸੇ ਵਿਚ ਆ ਕੇ ਕਹਿਣ ਲੱਗੇ, ''ਤੁਹਾਨੂੰ ਜੋ ਕਿਹਾ, ਓਦਾ ਹੀ ਕਰਦੇ ਜਾਓ, ਸੁਣਿਆ ਨਈਂ।''

ਮੈਂ ਤੇ ਮੇਰਾ ਗੁਰਭਾਈ ਦੋਸਤ, ਅਸੀਂ ਸੱਸੋਪੰਜ ਵਿਚ ਪੈ ਗਏ ਕਿ ਹੁਣ ਕੀ ਕਰੀਏ?

ਖ਼ੈਰ! ਅਸੀਂ ਇਕ ਤਰਖਾਣ ਦੋਸਤ ਦੀ ਦੁਕਾਨ 'ਤੇ ਗਏ। ਉਸਨੂੰ ਨਿਮਰਤਾ ਨਾਲ ਬੇਨਤੀ ਕਰਦਿਆਂ ਕਿਹਾ, ''ਯਾਰ, ਤੂੰ ਪੈਸੇ ਜਿੰਨੇ ਮਰਜ਼ੀ ਲੈ ਲਵੀਂ ਪਰ ਤੂੰ ਅਰਥੀ ਦੇ ਵਿਚ ਡੋਲੀ ਬਣਾ ਦੇ।''

ਉਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਇਹ ਕਿਵੇਂ ਹੋ ਸਕਦਾ ਹੈ? ਯਾਰ ਇਹ ਤਾਂ ਮੈਂ ਕਦੀ ਨਹੀਂ ਵੇਖਿਆ, ਨਾ ਸੁਣਿਆ ਕਿ ਅਰਥੀ ਵਿਚ ਡੋਲੀ ਬਣਾਈ ਜਾਏ।''

ਅਸੀਂ ਉਸਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਯਾਰ, ਸਾਡੀ ਇੱਜ਼ਤ ਦਾ ਸਵਾਲ ਏ, ਤੂੰ ਪੈਸੇ ਜਿੰਨੇ ਮਰਜ਼ੀ ਲੈ ਪਰ ਆਰਜ਼ੀ ਤੌਰ 'ਤੇ ਕਿਸੇ ਵੀ ਢੰਗ ਤਰੀਕੇ ਨਾਲ ਇਸ ਤਰ੍ਹਾਂ ਫੱਟੀਆਂ ਫਿਟ ਕਰ ਦੇ ਕਿ ਉਹ ਡੋਲੀਨੁਮਾਂ ਲੱਗੇ।

ਖ਼ੈਰ, ਉਸਨੇ ਆਰਜ਼ੀ ਤੌਰ 'ਤੇ ਇਸ ਤਰ੍ਹਾਂ ਫੱਟੀਆਂ ਵਿਚ ਜਗ੍ਹਾ ਛੱਡ ਕੇ ਅਰਥੀ ਉੱਪਰ ਡੋਲੀ ਬਣਾ ਦਿੱਤੀ। ਅਸੀਂ ਦੋਵੇਂ ਜਣੇਂ ਉਹ ਡੋਲੀਨੁਮਾਂ ਅਰਥੀ ਰਿਕਸ਼ੇ ਉੱਪਰ ਰੱਖ ਕੇ ਲੈ ਆਏ। ਸਾਰੇ ਲੋਕ ਵੇਖ ਕੇ ਹੈਰਾਨ ਹੋ ਗਏ। ਕਈ ਵਿੱਚੋਂ ਹੱਸਣ, ਕੋਈ ਕੁਝ ਕਵੇ ਤੇ ਕੋਈ ਕੁਝ, ਆਪਸ ਵਿਚ ਘੁਸਰ-ਮੁਸਰ ਹੋਣ ਲਗੀ। ਪਰ ਉਸਤਾਦ ਜੀ ਨੂੰ ਤਾਂ ਕਿਸੇ ਦੀ ਕੋਈ ਪਰਵਾਹ ਨਈਂ ਸੀ।

ਅਰਥੀ ਦੀ ਡੋਲੀ ਵਿਚ ਮਾਤਾ ਜੀ ਦੀ ਮ੍ਰਿਤਕ ਦੇਹ ਨੂੰ ਲਾਲ ਰੰਗ ਦੀ ਖ਼ੂਬਸੂਰਤ ਸਾੜ੍ਹੀ ਪਹਿਣਾ ਕੇ, ਇਕ ਦੁਲਹਨ ਵਾਂਗ ਸਜਾ ਕੇ ਰੱਖ ਦਿੱਤਾ। ਉਸਤਾਦ ਜੀ ਨੇ ਪਹਿਲਾਂ ਮਾਤਾ ਦੀ (ਪਤਨੀ ਦਾ) ਕਈ ਵਾਰ ਮੱਥਾ ਚੁੰਮਿਆ। ਫਿਰ ਪੈਰਾਂ ਵਿਚ ਸਿਰ ਰੱਖ ਕੇ ਉਚੀ-ਉਚੀ ਬਹੁਤ ਰੋਏ। ਉਨ੍ਹਾਂ ਨੂੰ ਬੜੀ ਮੁਸ਼ਕਿਲ ਫੜ੍ਹ ਕੇ ਪਰ੍ਹਾਂ ਕੀਤਾ ਗਿਆ।

ਜਦੋਂ ਸਸਕਾਰ ਲਈ ਸ਼ਮਸ਼ਾਨਘਾਟ ਪਹੁੰਚੇ ਤਾਂ ਉਥੋਂ ਦਾ ਇਕ ਫ਼ਕੀਰ ਜਿਹਾ ਬੰਦਾ ਜੋ ਸ਼ਮਸ਼ਾਨ ਦੀ ਦੇਖ ਰੇਖ ਲਈ ਹੋਵੇਗਾ ਉਹ ਬੰਦਾ ਡੋਲੀਨੁਮਾਂ ਅਰਥੀ ਵੇਖ ਕੇ ਕਹਿਣ ਲੱਗਾ, ''ਇਹ ਇੰਝ ਨਹੀਂ ਹੋ ਸਕਦਾ, ਡੋਲੀ ਨਈਂ ਚਿਤਾ ਵਿਚ ਰੱਖੀ ਜਾ ਸਕਦੀ।'' ਕਿਉਂਕਿ ਉਸਤਾਦ ਜੀ ਨੇ ਕਿਹਾ ਕਿ ਡੋਲੀਨੁਮਾਂ ਅਰਥੀ ਸਣੇਂ ਹੀ ਮ੍ਰਿਤਕ ਦੇਹ ਲੱਕੜਾਂ (ਚਿਤਾ) ਵਿਚ ਰੱਖਣੀ ਹੈ। ਡੋਲੀ 'ਚੋਂ ਮ੍ਰਿਤਕ ਦੇਹ ਬਾਹਰ ਨਹੀਂ ਕੱਢਣੀ। ਸਭ ਲੋਕ ਹੈਰਾਨ ਸਨ ਪਰ ਕੋਈ ਬੋਲਣ ਦੀ ਜ਼ੁਰਰਤ ਨਈਂ ਸੀ ਕਰਦਾ। ਉਸਤਾਦ ਜੀ ਨੇ ਗੁੱਸੇ ਵਿਚ ਆ ਕੇ ਮੈਨੂੰ ਕਿਹਾ, ''ਇਸ ਬੰਦੇ ਨੂੰ ਵੀਹ ਰੁਪਏ ਦੇ ਦਿਓ। ਇਸ ਸਾਲੇ ਨੇ ਦਾਰੂ ਪੀਣੀਂ ਏਂ।''

ਅਸੀਂ ਉਸਨੂੰ ਵੀਹ ਰੁਪਏ ਦੇ ਦਿੱਤੇ ਤੇ ਉਹ ਵੀਹ ਰੁਪਏ ਲੈ ਕੇ ਚੁੱਪ ਚਾਪ ਉਥੋਂ ਚਲਿਆ ਗਿਆ। ਆਖ਼ਿਰ ਸਭ ਧਾਰਮਿਕ ਰਸਮਾਂ ਕਰਕੇ ਬਾਅਦ ਵਿਚ ਡੋਲੀਨੁਮਾਂ ਅਰਥੀ ਸਣੇ ਹੀ ਮ੍ਰਿਤਕ ਦੇਹ ਚਿਤਾ ਵਿਚ ਰੱਖ ਦਿੱਤੀ ਗਈ। ਕਿਸੇ ਨੇ ਵੀ ਵਿਰੋਧਤਾ ਨਹੀਂ ਕੀਤੀ। ਕਿਉਂਕਿ ਸਭ ਨੂੰ ਪਤਾ ਸੀ ਕਿ ਉਸਤਾਦ ਜੀ ਨੇ ਹੁਣ ਕਿਸੇ ਦੀ ਵੀ ਨਹੀਂ ਮੰਨਣੀ। ਉਨ੍ਹਾਂ ਦੀ ਭਾਵੁਕਤਾ ਬੁਲੰਦੀ 'ਤੇ ਪਹੁੰਚ ਚੁਕੀ ਸੀ।

ਸਸਕਾਰ ਕਰਨ ਤੋਂ ਬਾਅਦ ਸਭ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਜਿਹੜੇ ਵੀ ਰਸਮਾਂ ਰਿਵਾਜ ਹੋਏ ਸਨ ਕਰ ਦਿੱਤੇ ਗਏ।

ਇਕ ਦਿਨ ਮੈਂ ਉਸਤਾਦ ਜੀ ਨੂੰ ਮਿਲਣ ਗਿਆ ਤਾਂ ਬੜੇ ਹੀ ਭਾਵੁਕ ਹੋ ਕੇ ਕਹਿਣ ਲੱਗੇ, ''ਯਾਰ, ਬਾਲਮ ਹੁਣ ਅਸੀਂ ਵੀ ਚਲੇ ਜਾਣਾ ਹੈ, ਸਾਡਾ ਦਿਲ ਨਈਂ ਲਗਦਾ।''

ਮੈਂ ਕਿਹਾ, ''ਉਸਤਾਦ ਜੀ ਏਦਾਂ ਨਾ ਕਹੋ। ਤੁਸੀ ਬੜੀ ਲੰਬੀ ਉਮਰ ਜੀਣੀ ਏਂ। ਤੁਹਾਡੀ ਸਿਹਤ ਬਿਲਕੁਲ ਠੀਕ ਹੈ।'' ਅੱਖਾਂ ਵਿਚ ਹੰਝੂ ਭਰਦੇ ਹੋਏ ਕਹਿਣ ਲੱਗੇ, ''ਨਈਂ, ਇਸ ਮਹੀਨੇ ਦੇ ਵਿਚ ਵਿਚ ਹੀ ਅਸੀਂ ਵੀ ਚਲੇ ਜਾਣਾ ਏਂ।''

ਸਰਦੀਆਂ ਦੇ ਦਿਨ ਸਨ। ਉਸਤਾਦ ਜੀ ਰਾਤ ਰਜਾਈ ਵਿਚ ਮੰਜੇ ਦੀ ਟੋਹ ਨਾਲ ਪਿੱਠ ਲਗਾ ਕੇ ਸੁੱਤੇ ਪਏ ਸੀ। ਸਵੇਰੇ ਉਨ੍ਹਾਂ ਦੀ ਨੂੰਹ ਨੇ ਆ ਕੇ ਵੇਖਿਆ ਕਿ ਉਸਤਾਦ ਜੀ ਸਵਾਸ ਛੱਡ ਚੁਕੇ ਸੀ।

ਖ਼ੈਰ, ਉਸਤਾਦ ਜੀ ਪੂਰੇ 25 ਦਿਨਾਂ ਬਾਅਦ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

# ਪਿੰਡ ਦੀਆਂ ਗਲੀਆਂ ਤੋਂ ਚੱਲ ਕੇ ਮੁਸ਼ਕਿਲ ਰਾਹਾਂ ਦਾ ਸਫ਼ਰ ਤਹਿ ਕਰਦੀ ਹੋਈ ਵੱਡੀਆਂ ਮੰਜ਼ਿਲਾਂ ਦੀ ਪਾਂਧੀ : ਮੋਨਿਕਾ ਆਰ.ਪੀ.



ਪਰਸ਼ੋਤਮ ਲਾਲ ਸਰੋਏ
91-92175-44348

ਮਰਦਾਂ ਵਰਗਾ ਜ਼ੇਰਾ ਰੱਖਦੀ, ਦਿਲ ਦੀ ਬੱਬਰ ਸ਼ੇਰ,
ਰਾਹ ਤਰੱਕੀ ਦੇ ਵਿੱਚ ਭਾਵੇਂ, ਮੁਸ਼ਕਿਲਾਂ ਦਾ ਢੇਰ,
ਅੱਗੇ ਕਦਮ ਵਧਾਈ ਜਾਂਦੀ, ਦਿਲ ਦੀ ਬੜੀ ਦਲੇਰ,
ਜਦੋਂ ਤਰੱਕੀ ਰਾਹੇ ਤੁਰੀ, ਖ਼ਾਰ ਕਈਆਂ ਨੇ ਖਾਧੀ,
ਰਾਹ ਰੋਕਣ ਨੂੰ ਖੜ੍ਹ ਗਏ, ਆ ਕੇ ਟੂਣੇ ਵਾਲੇ ਲਲੇਰ,
ਬੇਸ਼ੱਕ ਰਸਤੇ ਕੰਢੇ ਭਾਰੀ, ਅਣਖੀ ਨਾਹੀ ਹੌਂਸਲਾ ਹਾਰੀ,
ਉਹ ਆਖੇ ਮੰਜ਼ਿਲ ਸਰ ਕਰਨੀ, ਲੱਗੇ ਬੇਸ਼ੱਕ ਦੇਰ।

ਜੀ ਹਾਂ ਇਹ ਸਤਰਾਂ ਰਵਿਦਾਸੀਆ ਅਤੇ ਅੰਬੇਡਕਰਵਾਦੀ ਧੀ ਮੋਨਿਕਾ ਆਰ. ਪੀ. ਦੇ ਉੱਤੇ ਖ਼ਰੀਆਂ ਉੱਤਰਦੀਆਂ ਹਨ। ਮੋਨਿਕਾ ਆਰ. ਪੀ. ਦੂਸਰੇ ਸ਼ਬਦਾਂ ਵਿੱਚ ਮੋਨਿਕਾ ਅੰਬੇਡਕਰ ਦੀ ਗੱਲ ਕਰੀਏ ਤਾਂ ਉਹ ਅੱਜ ਕਿਸੇ ਕਿਸਮ ਦੀ ਜਾਣ-ਪਹਿਚਾਣ ਦੀ ਮੁਹਤਾਜ ਨਹੀਂ ਰਹਿ ਗਈ। ਜਦੋਂ ਤੋਂ ਉਸਨੇ ਰਹਿਬਰਾਂ ਦੇ ਮਿਸ਼ਨ ਦੇ ਪ੍ਰਚਾਰ, ਪ੍ਰਸਾਰ ਦੇ ਰਾਸਤੇ 'ਤੇ ਕਦਮ ਵਧਾਉਣੇ ਸ਼ੁਰੂ ਕੀਤੇ ਹਨ ਉਦੋਂ ਤੋਂ ਹੀ ਸਮਾਜ ਵਿਰੋਧੀ ਅਨਸਰ ਚਾਹੇ ਉਹ ਆਪਣੇ ਹੀ ਕਿਉਂ ਨਾ ਹੋਣ ਉਨ੍ਹਾਂ ਦੇ ਰਾਸਤੇ ਵਿੱਚ ਟੂਟੇ ਵਾਲੇ ਲਲੇਰ ਵਾਂਗ ਆ ਖਲੋਤੇ। ਪਰ ਉਹ ਇਨ੍ਹਾਂ ਓਪਰੀ ਚੁੰਬੜੀ ਸ਼ੈਅ ਵਾਲਿਆਂ ਦੀ ਕੋਈ ਪ੍ਰਵਾਹ ਨਾ ਕਰਦੀ ਹੋਈ ਦੁਸ਼ਮਣਾਂ ਨੂੰ ਆਪਣੀ ਜੁੱਤੀ ਦੀ ਨੋਕ 'ਤੇ ਰੱਖਦੀ ਹੋਈ ਆਪਣੀ ਮੰਜ਼ਿਲ ਵੱਲ ਕਦਮ ਵਧਾਏ ਚਲੀ ਜਾ ਰਹੀ ਹੈ ਤੇ ਉਹ ਵਿਦੇਸ਼ੀ ਧਰਤੀ (ਜਿਵੇਂ ਕਿ ਡੁਬੱਈ ਅਤੇ ਲੰਡਨ ਆਦਿ) 'ਤੇ ਵੀ ਆਪਣੀ ਪਛਾਣ ਬਣਾ ਚੁੱਕੀ ਹੈ।

ਡੁਬੱਈ ਟੂਰ ਦੇ ਦੌਰਾਨ ਜਿੱਥੇ ਉਸਨੂੰ ਡੁਬੱਈ ਦੀ ਪਬਲਿਕ ਨੇ ਹੱਥੀਂ ਛਾਵਾਂ ਕੀਤੀਆਂ ਹਨ ਉੱਥੇ ਨਾਲ ਦੀ ਨਾਲ ਉਹ ਉਨ੍ਹਾਂ ਪਰਿਵਾਰਾਂ ਦਾ ਵੀ ਤਹਿਦਿਲੀ ਧੰਨਵਾਦੀ ਹੈ ਜਿਨ੍ਹਾਂ ਨੇ ਉਸਨੂੰ ਆਪਣੇ ਪਲਕਾਂ 'ਤੇ ਬਿਠਾ ਕੇ ਇੱਜ਼ਤ, ਮਾਣ ਤੇ ਸਨਮਾਨ ਦਿੱਤਾ ਹੈ। ਜਿਨ੍ਹਾਂ ਵਿੱਚ ਮਿਸ਼ਨਰੀ ਲੇਖਕ ਸ੍ਰੀਮਾਨ ਸੱਤਪਾਲ ਖ਼ਾਨਪੁਰੀ, ਉਨ੍ਹਾਂ ਦੀ ਪਤਨੀ ਕਮਲੀ, ਪ੍ਰਦੇਸੀ ਜੀ, ਆਸ਼ਾ ਜੀ, ਪੰਮਾ ਕਲੇਰ ਜੀ, ਪੰਮਾ ਬਖਲੌਰੀਆਂ ਜੀ, ਜੱਸੀ ਗੱਡੂ ਜੀ ਆਦਿ ਦੇ ਨਾਮ ਜ਼ਿਕਰਯੋਗ ਹਨ।

ਇਕ ਹੋਰ ਜ਼ਿਕਰਯੋਗ ਗੱਲ ਇਹ ਹੈ ਕਿ ਲੰਡਨ ਵਿਖੇ ਉਸ ਨੂੰ ਪਾਰਲੀਮੈਂਟ ਦੇ ਸੱਦੇ 'ਤੇ ਜਾਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ ਤੇ ਗਾਇਕਾ ਦੇ ਤੌਰ 'ਤੇ ਮੋਨਿਕਾ ਆਰ. ਪੀ. ਦਾ ਨਾਂ ਅੱਜ 22 ਲਾਈਵ ਨਿਊਜ਼ ਚੈਨਲ ਅਤੇ ਆਜ਼ਾਦ ਟੀ.ਵੀ. ਯੂ. ਕੇ. ਜਿਹੇ ਮੀਡੀਆ ਚੈਨਲਾਂ ਵਿੱਚ ਸ਼ਿਤਾਰਿਆਂ ਵਾਂਗ ਚਮਕ ਰਿਹਾ ਹੈ। ਇਸ ਦੇ ਨਾਲ ਹੀ ਇਕ ਹੋਰ ਗੱਲ ਉਸ ਵਾਸਤੇ ਫ਼ਖ਼ਰ ਵਾਲੀ ਹੈ ਕਿ ਕੁਝ ਸਮਾਂ ਪਹਿਲਾਂ ਹੀ ਉਸ ਨੂੰ ਆਜ਼ਾਦ ਟੀ. ਵੀ. ਯੂ. ਕੇ. ਵਲੋਂ ਜਿੱਥੇ ਮਾਣ-ਏ-ਕੌਮ ਦਾ ਐਵਾਰਡ ਪ੍ਰਦਾਨ ਕੀਤਾ ਉੱਥੇ ਛੇਤੀ ਹੀ ਉਸਨੂੰ ਆਜ਼ਾਦ ਟੀ. ਯੂ. ਕੇ. ਵਲੋਂ ਪੰਜਾਬ ਦਾ ਇੰਚਾਰਜ ਹੋਣ ਦਾ ਮਾਣ ਵੀ ਦਿੱਤਾ ਹੈ। ਮੋਨਿਕਾ ਆਰ. ਪੀ. ਆਪਣੇ ਕਦਮਾਂ ਨੂੰ ਕਾਮਯਾਬੀ ਦੀ ਸੀੜੀ ਵੱਲ ਲੈ ਕੇ ਜਾਣ ਲਈ ਜਿਨ੍ਹਾਂ ਨੇ ਯੋਗਦਾਨ ਪਾਇਆ ਜਿਨ੍ਹਾਂ ਵਿੱਚ ਰਮੇਸ਼ ਕਲੇਰ ਜੀ ਯੂ. ਕੇ., ਕਸ਼ਮੀਰੀ ਲਾਲ ਵੱਸਨ ਇੱਟਲੀ ਅਤੇ ਜੱਸੀ ਗੱਡੂ ਜੀ ਆਦਿ ਦਾ ਵੀ ਤਹਿ ਦਿਲੋਂ ਧੰਨਵਾਦੀ ਹੈ।

'ਪਿੰਡ ਦੀ ਗਲੀਆਂ' ਗੀਤ ਰਿਕਾਰਡ ਹੋਣ ਤੋਂ ਬਾਅਦ ਉਸ ਦੇ ਹੌਸਲੇ ਹੋਰ ਬੁਲੰਦ ਹੋ ਗਏ ਸਨ ਤੇ ਫਿਰ ਉਸ ਨੇ ਰਵਿਦਾਸੀਏ ਸ਼ੇਰ, ਜੁੱਤੀ ਦੀ ਨੋਕ 'ਤੇ, ਐੱਮ. ਐੱਲ. ਏ ਬਲਵਿੰਦਰ ਚਾਹੀਦਾ, ਭਗਵਾਨ ਦਾਸ ਸਿੱਧੂ ਜੀ ਨੂੰ ਐੱਮ. ਐੱਲ. ਏ. ਤੁਸੀਂ ਬਣਾ ਦਿਓ, ਹੁਣ ਭੋਲਾ ਕਰਤਾਰਪੁਰੀ ਦੀ ਕਲਮ ਦਾ ਸ਼ਿੰਗਾਰ ਉਸ ਦਾ ਨਵਾਂ ਆਉਣ ਵਾਲਾ ਗੀਤ 'ਦੁਨੀਆਂ' ਜ਼ਲਦ ਹੀ ਦਰਸ਼ਕਾਂ ਦੇ ਕਚਿਹਰੀ ਵਿੱਚ ਪੇਸ਼ ਹੋਣ ਜਾ ਰਿਹਾ ਹੈ। ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਸਦਕਾ ਅੱਜ ਉਹ ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ ਤੇ ਗਾਇਕ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਹੈ।

ਪਿੰਡ ਦੀਆਂ ਗ਼ਲੀਆਂ' ਤੋਂ ਉੱਠ ਕੇ ਅੱਜ ਉਸਨੇ ਵੱਡੀਆਂ-ਵੱਡੀਆਂ ਸੜਕਾਂ 'ਤੇ ਵੱਡੀਆਂ-ਵੱਡੀਆਂ ਪੁਲਾਘਾਂ ਪੁੱਟਣ ਨੂੰ ਆਪਣਾ ਮਿਸ਼ਨ ਬਣਾ ਲਿਆ ਹੈ। ਸਮਾਜ ਦੇ ਮਸਲਿਆਂ ਨੂੰ ਲੈ ਕੇ ਹਮੇਸ਼ਾ ਚਿੰਤਕ ਰਹਿਣ ਵਾਲੀ ਮੋਨਿਕਾ ਆਰ. ਪੀ. ਅੱਜ ਜਗਤਗੁਰੂ ਰਵਿਦਾਸ ਮਹਾਰਾਜ, ਮਹਾਰਿਸ਼ੀ ਵਾਲਮੀਕ, ਸਤਿਗੁਰੂ ਕਬੀਰ ਜੀ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਦੇਖਣ ਦੀ ਲਾਲਸਾ ਮਨ ਵਿੱਚ ਲੈ ਕੇ, ਇਨਸਾਨੀਅਤ ਦਾ ਧਰਮ ਨਿਭਾਉਂਦੀ ਹੋਈ ਕ੍ਰਾਂਤੀਕਾਰੀ ਅਤੇ ਸੁਧਾਰਵਾਦੀ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈ ਰਹੀ ਹੈ ਜਿਸ ਨਾਲ ਉਸ ਨੂੰ ਮਾਨਸਿਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।

ਮੋਨਿਕਾ ਆਰ. ਪੀ. ਨੇ ਔਰਤਾਂ ਦੇ ਹੱਕਾਂ ਲਈ ਖੜ੍ਹਨ ਅਤੇ ਅਨਿਆਂ ਖਿਲਾਫ਼ ਲੜਨ ਦਾ ਸ਼ੇਰਾਂ ਵਰਗਾ ਜ਼ੇਰਾ ਆਪਣੇ ਮਨ ਵਿੱਚ ਪਾਲ ਰੱਖਿਆ ਹੈ। ਮੋਨਿਕਾ ਆਰ. ਪੀ. ਜਾਂ ਮੋਨਿਕਾ ਅੰਬੇਡਕਰ ਦਾ ਜਨਮ ਪਿੰਡ ਰਾਏਪੁਰ, ਡਾਕਖ਼ਾਨਾ ਸ਼ਾਮ-ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇੱਥੇ ਹੀ ਮੋਨਿਕਾ ਆਰ. ਪੀ. ਦਾ ਬਚਪਨ ਗੁਜ਼ਰਿਆ ਹੈ। ਬਚਪਨ ਤੋਂ ਹੀ ਜੀਵਨ ਸੰਘਰਸ਼ਪੂਰਣ ਰਿਹਾ ਹੈ। ਘਰ ਵਿੱਚ ਮੱਝਾਂ-ਗਾਵਾਂ ਰੱਖੀਆਂ ਸਨ। ਇਹ ਸਾਰੇ ਕੰਮ ਵੀ ਮੋਨਿਕਾ ਆਰ. ਪੀ. ਨੇ ਦਿਲੋ-ਜ਼ਾਨ ਲਾ ਕੇ ਕੀਤੇ ਹਨ।




ਨੈਸ਼ਨਲ ਮਾਡਲ ਸਕੂਲ ਤੋਂ ਅੱਠਵੀਂ ਪਾਸ ਕੀਤੀ ਤੇ ਫਿਰ ਐੱਸ. ਡੀ. ਸੀਨੀਅਰ ਸੈਕੰਡਰੀ ਸਕੂਲ ਸ਼ਾਮ-ਚੁਰਾਸੀ ਤੋਂ ਪਲੱਸ ਵੱਨ ਪਾਸ ਕੀਤੀ। ਸਮਾਂ ਪਾ ਕੇ ਪਲੱਸ ਟੂ ਵੀ ਪ੍ਰਾਈਵੇਟ ਕਰ ਲਈ। ਇਸ ਦੌਰਾਨ ਇਕ ਜਾਬ ਵੀ ਮਿਲ ਗਈ ਤੇ ਸਟੱਡੀ ਵਿੱਚੋਂ ਹੀ ਛੱਡਣੀ ਪਈ। ਜਾਬ ਵਿੱਚ ਮਨ ਨਹੀਂ ਲੱਗਾ। ਸਿਲਾਈ ਕਢਾਈ ਦਾ ਡਿਪਲੋਮਾ, ਆਂਗਨਵਾੜੀ ਦਾ ਪ੍ਰਾਈਵੇਟ ਕੋਰਸ ਵੀ ਕੀਤਾ ਸੀ। ਵਿਆਹ ਤੋਂ ਬਾਅਦ ਕੁਝ ਸਮਾਂ ਉਸਦੀ ਹਾਊਸ ਵਾਇਫ਼ ਦੀ ਜਿੰਦਗੀ ਇਕ ਪਿੰਜਰੇ ਵਿੱਚ ਕੈਦ ਪੰਛੀ ਵਾਂਗ ਸੀ। ਕਿਸੇ ਨਾਲ ਕੋਈ ਸੰਪਰਕ ਨਹੀਂ ਸੀ। ਬਾਹਰੀ ਦੁਨੀਆਂ ਬਾਬਤ ਬਹੁਤਾ ਜਾਣਕਾਰੀ ਨਹੀਂ ਸੀ ਕਿ ਇਹ ਕਿਸ ਤਰ੍ਹਾਂ ਦੀ ਹੈ। ਘਰੇਲੂ ਸਮੱਸਿਆਵਾਂ ਨੇ ਦੁਨੀਆਂ ਦੀ ਸਮਝ ਦੇ ਦਿੱਤੀ ਹੈ। ਫਿਰ ਆਸਾ ਵਰਕਰ ਦੇ ਮਾਧਿਅਮ ਰਾਹੀਂ ਬਾਹਰੀ ਦੁਨੀਆਂ ਦਾ ਮਜ਼ਾਜ ਦੇਖਣ ਨੂੰ ਮਿਲਿਆ। ਇਕ ਕਹਾਵਤ ਹੈ ਕਿ ਸ਼ੇਰਾਂ ਨੂੰ ਕਦੇ ਪਿੰਜ਼ਰੇ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ। ਇਹੀ ਗੱਲ ਮੋਨਿਕਾ ਆਰ. ਪੀ. 'ਤੇ ਢੁਕਦੀ ਹੋਈ ਨਜ਼ਰੀਂ ਪਈ ਹੈ।

ਜੇਕਰ ਆਸ਼ਾ ਵਰਰਕ ਦੇ ਕੰਮਾਂ ਦੀ ਗੱਲ ਕਰੀਏ ਤਾਂ ਮੋਨਿਕਾ ਆਰ. ਪੀ. ਇਸ ਦੀ ਯੂਨੀਅਨ ਲੀਡਰ ਹੈ ਤੇ ਇਨ੍ਹਾਂ ਨੇ ਇੱਕ ਮਹਿਲਾ ਵਿੰਗ ਵੀ ਬਣਾਇਆ ਹੋਇਆ ਹੈ। ਇਸ ਵਿੱਚ ਕੁੜੀਆਂ ਦੀ ਲੋਹੜੀ ਪਾਉਣੀ, ਤੀਆਂ ਦਾ ਤਿਉਹਾਰ ਮਨਾਉਣਾ, ਲੇਡੀਜ਼ ਮਹਿਲਾ ਵਿੰਗ ਵਲੋਂ ਰਾਮ ਨਗਰ, ਜਲੰਧਰ ਵਿਖੇ ਬਾਬਾ ਸਾਹਿਬ ਜੀ ਦੇ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਨਾਲ ਸੰਬੰਧਿਤ ਉਲੀਕੇ ਜਾਂਦੇ ਪ੍ਰੋਗਰਾਮਾਂ ਜਿਵੇਂਕਿ ਸ਼ੋਭਾ ਯਾਤਰਾਵਾਂ ਕੱਢਣੀਆਂ ਆਦਿ ਵਿੱਚ ਵੀ ਮੋਨਿਕਾ ਆਰ. ਪੀ. ਨੇ ਇਕ ਅਗਵਾਈ ਕਰਨ ਵਾਲਾ ਕੰਮ ਹੀ ਕੀਤਾ ਹੈ। ਮੋਨਿਕਾ ਆਰ. ਪੀ. ਔਰਤਾਂ ਲਈ ਇੱਕ ਮਿਸਾਲ ਬਣਨਾ ਲੋਚਦੀ ਹੈ।

ਉਹ ਸੋਚਦੀ ਹੈ ਕਿ ਉਸਦੀ ਸੰਘਰਸ਼ਮਈ ਜ਼ਿੰਦਗੀ ਵੱਲ ਦੇਖ ਕੇ ਬਾਕੀ ਔਰਤਾਂ ਵੀ ਆਪਣੇ ਮਨ ਵਿੱਚ ਉਸ ਵਰਗਾ ਬਣਨ ਦੀ ਤਾਂਘ ਪੈਦਾ ਕਰਨਾ।

ਚਾਨਣ ਮੁਨਾਰਾ ਪੰਜਾਬੀ ਆਨ ਲਾਈਨ ਨੂੰ ਦਿੱਤੀ ਹੋਈ ਇਕ ਇੰਟਰਵਿਊ ਵਿੱਚ ਮੋਨਿਕਾ ਆਰ. ਪੀ. ਦੱਸਦੀ ਹੈ ਕਿ ਇਸ ਕਾਮਯਾਬੀ ਵਿੱਚ ਉਹਦੇ ਪਿਤਾ ਸਤਿਕਾਰਯੋਗ ਸ੍ਰੀਮਾਨ ਮੋਹਣ ਲਾਲ ਜੀ ਅਤੇ ਸਤਿਕਾਰਯੋਗ ਮਾਤਾ ਸ੍ਰੀਮਤੀ ਸੁਰਿੰਦਰ ਕੌਰ ਜੀ, ਭੈਣਾਂ-ਭਰਾਵਾਂ, ਉਹਦੇ ਦੋ ਬੱਚਿਆਂ ਬੇਟਾ ਅਯੁੱਸ (ਅਭੀ) ਅਤੇ ਬੇਟੀ ਲੀਜ਼ਾ ਦਾ ਬਹੁਤ ਵੱਡਾ ਹੱਥ ਹੈ ਕਿਉਂ ਜੇਕਰ ਇਨ੍ਹਾਂ ਦਾ ਸਾਥ ਨਾ ਹੁੰਦਾ ਤਾਂ ਉਹ ਇਸ ਮੌਜੂਦਾ ਮੰਜਿਲ 'ਤੇ ਨਾ ਪਹੁੰਚਦੀ। ਕਿਉਂਕਿ ਪਿੰਡ ਦੀ ਮਿੱਟੀ ਨਾਲ ਇੱਥੋਂ ਦੀ ਹਰ ਪਗਡੰਡੀ ਨਾਲ, ਹਰ ਗਲੀ-ਮਹੁੱਲੇ ਨਾਲ ਮੋਨਿਕਾ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਉਸ ਨੂੰ ਆਪਣੀ ਜਨਮ ਭੋਇੰ ਨਾਲ ਅੰਤਾਂ ਦਾ ਮੋਹ ਹੈ। ਇਸ ਲਈ ਉਹ ਆਪਣੇ 'ਮੇਰੇ ਪਿੰਡ ਦੀਆਂ ਗਲੀਆਂ' ਗੀਤ ਰਾਹੀਂ ਆਪਣੇ ਪਿੰਡ ਦੀ ਮਿੱਟੀ ਨਾਲ ਆਪਣੇ ਅੰਤਾਂ ਦੇ ਮੋਹ ਦਾ ਪ੍ਰਗਟਾਵਾ ਕਰਦੀ ਹੋਈ ਵੀ ਨਜ਼ਰੀਂ ਪੈਂਦੀ ਹੈ। ਆਪਣੀ ਲਗਨ ਤੇ ਮਿਹਨਤ ਸਦਕਾ ਅੱਜ ਉਸ ਨੇ ਵਿਦੇਸ਼ਾਂ ਦੀ ਧਰਤੀ 'ਤੇ ਵੀ ਮਾਤਾ-ਪਿਤਾ, ਕੌਮ, ਆਪਣਾ ਅਤੇ ਆਪਣੇ ਬੱਚਿਆਂ ਦਾ ਨਾਂ ਰੌਸ਼ਨ ਕਰ ਦਿਖਾਇਆ ਹੈ। ਮੋਨਿਕਾ ਆਰ. ਪੀ. ਦਾ ਵਿਆਹ ਰਾਮ ਨਗਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ।

ਜਗਤਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬਡੇਕਰ ਦੀ ਬਦੌਲਤ ਅੱਜ ਉਸਨੇ ਆਪਣੇ ਮਾਪਿਆਂ ਅਤੇ ਪਿੰਡ ਦੇ ਨਾਲ ਨਾਲ ਪੂਰੀ ਰਵਿਦਾਸੀਆ ਕੌਮ ਦਾ ਨਾਮ ਵੀ ਪੂਰੇ ਵਿਸ਼ਵ ਵਿੱਚ ਉੱਚਾ ਕਰ ਦਿਖਾਇਆ ਹੈ। ਸਮਾਜ ਵਿੱਚ ਅਨਿਆਂ ਦੇ ਖ਼ਿਲਾਫ਼ ਡੱਟ ਕੇ ਖੜ੍ਹੀ ਮੋਨਿਕਾ ਆਰ. ਪੀ. ਹੁਣ ਉਹ ਪਿੰਜਰੇ ਵਿੱਚ ਕੈਦ ਪਏ ਪੰਛੀ ਭਾਂਤੀ ਨਹੀਂ ਰਹੀ। ਮੋਨਿਕਾ ਆਰ. ਪੀ. ਨੇ ਸਮਾਜ ਸੇਵੀ ਗਤੀਵਿਧੀਆਂ ਵਿੱਚ ਵਧ-ਚੜ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ। ਮੋਨਿਕਾ ਆਰ. ਪੀ. ਨੇ ਨਾ ਕੇਵਲ ਇਕ ਵਿਸ਼ਵ ਪ੍ਰਸਿੱਧ ਪੰਜਾਬੀ ਲੇਖਕ, ਗੀਤਕਾਰ ਜਾਂ ਗਾਇਕ ਵਜੋਂ ਹੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਬਲਕਿ ਉਸਨੇ ਸਮਾਜ ਸੇਵੀ ਕੰਮਾਂ ਵਿੱਚ ਵੀ ਕਾਫ਼ੀ ਮੱਲਾਂ ਮਾਰੀਆਂ ਹਨ। ਅੰਬੇਡਕਰ ਮੂਲ ਨਿਵਾਸੀ ਸੈਨਾ ਵਿੱਚ ਵਾਰਡ ਪ੍ਰੈਜੀਡੈਂਟ ਦੇ ਤੌਰ 'ਤੇ ਡੇਢ ਸਾਲ ਕੰਮ ਕੀਤਾ। ਫਿਰ ਬਾਮਸੇਫ ਮੂਲ ਨਿਵਾਸੀ ਮਹਿਲਾ ਸੰਘ ਨਾਲ ਕੰਮ ਕੀਤਾ। ਨਾਲ ਦੀ ਨਾਲ ਸਾਹਿਤਕ ਖੇਤਰ ਵਿੱਚ ਵੀ ਅੱਗੇ ਵੱਲ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਨੂੰ ਸਾਹਿਤਕ ਖੇਤਰ ਵਿੱਚ ਪੈਰ ਧਰਿਆਂ ਤਕਰੀਬਨ 24 ਸਾਲ ਹੋ ਗਏ ਹਨ।

ਮੋਨਿਕਾ ਆਰ. ਪੀ. ਦੇ ਦਿਲ ਵਿੱਚ ਇਕ ਇਹ ਸੱਚ ਘਰ ਕਰ ਗਿਆ ਹੈ ਕਿ 'ਔਰਤ ਚਾਹੇ ਤਾਂ ਆਪਣੀ ਮਿਹਨਤ, ਲਗਨ, ਪੱਕੇ ਇਰਾਦੇ ਅਤੇ ਦਲੇਰੀ ਦੇ ਬਲ-ਬੂਤੇ 'ਤੇ ਕੁਝ ਵੀ ਕਰ ਸਕਦੀ ਹੈ।' ਅੰਗਰੇਜ਼ੀ ਵਿੱਚ ਇਕ ਕਹਾਵਤ ਹੈ 'ਟਰਵੀਜਅਪ ਜਤ ਜਠਬਰਤਤਜਲ;ਕ ਜਅ ਵੀਕ ਮਰਗ;ਦ' ਸੋ ਜ਼ਿਕਰਯੋਗ ਸ਼ਖ਼ਸੀਅਤ ਇਸ ਕਹਾਵਤ ਤੋਂ ਪੂਰੀ ਤਰ੍ਹਾਂ ਨਾਲ ਵਾਕਿਫ਼ ਹੈ। ਮੋਨਿਕਾ ਆਰ. ਪੀ. ਅੱਜ ਔਰਤ ਨਹੀਂ ਬਲਕਿ ਇਕ ਦਲੇਰ ਮਰਦ ਜਿਹਾ ਜ਼ੇਰਾ ਦਿਲ ਵਿੱਚ ਪਾਲੀ ਬੈਠੀ ਹੈ ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਜਿਹੇ ਰਹਿਬਰਾਂ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਦਾ ਬੀੜਾ ਉਠਾ ਕੇ ਲਿਖਣ ਵਾਲੀ ਮੋਨਿਕਾ ਆਰ. ਪੀ. (ਮੋਨਿਕਾ ਅੰਬੇਡਕਰ) ਦਾ ਅੱਜ ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ ਅਤੇ ਗਾਇਕਾ ਦੇ ਤੌਰ 'ਤੇ ਵਿਸ਼ਵ ਭਰ ਵਿੱਚ ਡੰਕਾ ਵੱਜਦਾ ਹੋਇਆ ਸੁਣਾਈ ਦੇ ਰਿਹਾ।

ਚਾਹੇ ਬਲਦੇਵ ਸਿੰਘ ਭੌਰੇ ਦਾ ਮਾਮਲਾ ਹੋਏ, ਕਿਸੇ ਦਾ ਨਜਾਇਜ਼ ਕਬਜ਼ਾ ਛੁਡਾਉਣਾ ਹੋਵੇ, ਲੜਾਈਆਂ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੋਵੇ, ਕੋਰਟ-ਕਚਿਹਰੀਆਂ ਦੇ ਮਾਮਲੇ ਹੋਣ, ਐੱਚ. ਐੱਮ.ਵੀ. ਕਾਲਜ ਵਿਖੇ ਲੜਕੀਆਂ ਦੀ ਫ਼ੀਸਾਂ ਦਾ ਮਾਮਲਾ ਹੋਵੇ ਜਾਂ ਫਿਰ ਤੁਗਲਕਾਵਾਦ ਦੇ ਮੰਦਿਰ ਨੂੰ ਢਾਏ ਜਾਣ ਦਾ ਮਾਮਲਾ ਹੋਵੇ, ਆਪਣੀ ਸਿਹਤ ਦੀ ਵੀ ਪ੍ਰਵਾਹ ਨਾ ਕਰਦੀ ਹੋਈ ਮੋਨਿਕਾ ਆਰ. ਪੀ. ਹੋਵੇ ਆਰ. ਪੀ. ਨੇ ਹਰ ਮਾਮਲੇ ਵਿੱਚ ਮਾਨਵ-ਵਿਰੋਧੀਆਂ ਦੀ ਇੱਟ ਨਾਲ ਇੱਟ ਖੜਕਾਉਣ ਦੀ ਗੱਲ ਕੀਤੀ ਹੈ।

ਮੂਲ ਨਿਵਾਸੀ ਰਹਿਬਰਾਂ ਦੇ ਮਿਸ਼ਨ ਤੇ ਆਪਣੀ ਮਿਹਨਤ ਅਤੇ ਲਗਨ ਦੇ ਬਲਬੂਤੇ ਅੱਜ ਮੋਨਿਕਾ ਆਰ ਨੇ ਮਾਣੇ ਕੌਮ ਦਾ ਖ਼ਿਤਾਬ ਵੀ ਹਾਸਲ ਕਰ ਲਿਆ ਹੈ। 22 ਨਿਊਜ਼ ਚੈਨਲ, ਆਜ਼ਾਦ ਟੀ. ਵੀ. ਯੁ. ਕੇ. ਜਿਹੇ ਸੋਸ਼ਲ ਮੀਡੀਆ ਅਤੇ ਕਈ ਨਿਊਜ-ਪੇਪਰਾਂ ਵਿੱਚ ਅੱਜ ਮੋਨਿਕਾ ਆਰ. ਦੀ ਝੰਡੀ ਕਾਫ਼ੀ ਉੱਚੀ ਚੜ੍ਹੀ ਦਿਖਾਈ ਦੇ ਰਹੀ ਹੈ। ਮੂਲ ਨਿਵਾਸੀ ਰਹਿਬਰਾਂ ਦੇ ਮਿਸ਼ਨ ਨੂੰ ਲੈ ਕੇ ਉਹ ਡੁਬੱਈ ਅਤੇ ਲੰਡਨ ਜਿਹੀ ਧਰਤੀ 'ਤੇ ਵੀ ਆਪਣੇ ਨਾਮ ਦਾ ਡੰਕਾ ਵਜਾ ਚੁੱਕੀ ਹੈ। ਕੁਝ ਸਮਾਂ ਪਹਿਲਾਂ ਉਸ ਨੂੰ ਆਜ਼ਾਦ ਟੀ. ਵੀ. ਯੂ. ਕੇ ਪੰਜਾਬ ਦਾ ਇੰਚਾਰਜ ਵੀ ਬਣਾਇਆ ਗਿਆ ਹੈ।

ਉਪਰੋਕਤ ਚਰਚਾ ਤੋਂ ਮੋਨਿਕਾ ਆਰ. ਪੀ. ਦੀ ਜ਼ਿੰਦਗੀ ਬੜੀ ਸੰਘਰਸ਼ ਨਾਲ ਭਰੀ ਹੋਈ ਪ੍ਰਤੀਤ ਹੁੰਦੀ ਹੈ। ਆਪਣੀ ਮਿਹਨਤ ਅਤੇ ਲਗਨ ਦੇ ਬਲਬੂਤੇ ਉਹ ਅੱਜ ਆਸਮਾਨ ਦੀਆਂ ਬੁਲੰਦੀਆਂ ਨੂੰ ਛੂਹਣ ਲਈ ਤਤਪਰ ਖੜ੍ਹੀ ਦਿਖਾਈ ਹੈ। ਸੋਸ਼ਲ ਮੀਡੀਆਂ ਹੈ ਜਾਂ ਨਿਊਜ ਪੇਪਰ, ਪੰਜਾਬੀ ਲੇਖਣੀ ਜਾਂ ਪੰਜਾਬੀ ਗਾਇਕੀ ਦਾ ਸਫ਼ਰ ਹੋਵੇ ਹਰ ਖੇਤਰ ਵਿੱਚ ਮੋਨਿਕਾ ਆਰ. ਪੀ. ਨੇ ਮੱਲਾਂ ਮਾਰੀਆਂ ਹਨ। ਅੱਜ ਦੇ ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦਾ ਅਣਖ ਨਾਲ ਸਮਾਜ ਵਿੱਚ ਵਿਚਰਨਾ ਇਕ ਬਹੁਤ ਵੱਡਾ ਬਹਾਦਰੀ ਦਾ ਕੰਮ ਹੈ ਜਿਸ ਤੋਂ ਮੋਨਿਕਾ ਆਰ. ਪੀ. ਪਿੱਛੇ ਨਹੀਂ ਰਹੀ। ਅਦਾਰਾ ਚਾਨਣ-ਮੁਨਾਰਾ ਉਸ ਦੀ ਸੰਘਰਸ਼ ਭਰੀ ਜਿੰਦਗੀ 'ਚੋਂ ਨਿਕਲ ਕੇ ਅਰਸ਼ ਤੋਂ ਫ਼ਰਸ ਤੱਕ ਪਹੁੰਚਣ ਵਾਲੀ ਸਫ਼ਲਤਾ 'ਤੇ ਵਧਾਈ ਦਿੰਦਾ ਹੈ ਤੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਅੱਗੇ ਅਰਦਾਸ ਕਰਦਾ ਹੈ ਕਿ ਉਹ ਅਤੇ ਉਸਦਾ ਪਰਿਵਾਰ ਆਕਾਸ਼ ਦੀਆਂ ਬੁਲੰਦੀਆਂ ਨੂੰ ਛੂਹ ਲਵੇ ਅਤੇ ਰਹਿੰਦੀ ਦੁਨੀਆਂ ਤੱਕ ਉਸਦਾ ਨਾਂ ਜ਼ਿੰਦਗੀ ਦੇ ਇਕ 'ਸਫ਼ਲ ਪਾਂਧੀ' ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰੇ।

## ਬੈਲਗਹਿੰਮ 'ਚ ਉਬਰ ਡਰਾਈਵਰ ਵੱਲੋਂ ਦਸਤਾਰਧਾਰੀ ਸਿੱਖ ਤੇ ਨਸਲੀ ਹਮਲਾ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਸਿਆਟਲ ਤੋਂ ਵੈਨਕੂਵਰ ਬਾਰਡਰ ਦੇ ਨੇੜੇ ਬੈਲ-ਗਹਿੰਮ ਸ਼ਹਿਰ ਵਿਚ ਉਬਰ ਡਰਾਈਵਰ ਨੇ ਦਸਤਾਰਧਾਰੀ ਸਿੱਖ ਤੇ ਘਾਤਕ ਨਸਲੀ ਹਮਲਾ ਕੀਤਾ ਅਤੇ ਬੈਲਗਹਿੰਮ ਪੁਲਿਸ ਨੇ ਜਾਣਕਾਰੀ ਮਿਲਣ ਤੇ ਉਬਰ ਡਰਾਈਵਰ ਨੂੰ ਕਾਬੂ ਕਰ ਲਿਆ ਅਤੇ ਨਸਲੀ ਵਿਤਕਰੇ ਦੇ ਦੋਸ਼ ਲਗਾ ਦਿੱਤੇ ਹਨ। 100 ਸਾਲ ਪਹਿਲਾਂ ਘੱਟ ਗਿਣਤੀ ਦੇ ਲੋਕਾਂ ਨੂੰ ਸਿੱਖਾਂ ਸਮੇਤ ਸ਼ਹਿਰ 'ਚੋਂ ਕੱਢ ਦਿੱਤਾ ਗਿਆ ਸੀ। 100 ਸਾਲ ਬਾਅਦ ਉਸੇ ਸ਼ਹਿਰ ਬੈਲਗਹਿੰਮ ਵਿਚ ਸਤਪਾਲ ਸਿੰਘ ਵਾਟਕੌਮ ਕਾਉਂਟੀ ਦੇ ਕੌਂਸਲ ਮੈਂਬਰ ਚੁਣੇ ਗਏ ਅਤੇ ਇਹਨਾਂ ਚੋਣਾਂ ਵਿਚ ਵਾਟਕੌਮ ਕਾਉਂਟੀ ਐਗਜੈਕਟਿਵ ਚੁਣੇ ਗਏ ਹਨ। ਬੈਲਗਹਿੰਮ ਸ਼ਹਿਰ ਵਿਚ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ 125 ਏਕੜ ਜ਼ਮੀਨ ਖਰੀਦ ਕੇ ਖਾਲਸਾ ਯੂਨੀਵਰਸਿਟੀ ਬਣਾਉਣ ਲਈ ਉਪਰਾਲੇ ਕੀਤੇ ਗਏ ਹਨ।

## ਡਾ. ਬੀ ਆਰ ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਹਾੜਾ ਮਨਾਇਆ

**ਫਗਵਾੜਾ) (ਬੀ ਕੇ ਰੱਤੂ)-** ਸ੍ਰੀ ਗੁਰੁ ਰਵਿਦਾਸ ਸਭਾ ਰਜਿ ਅਰਬਨ ਅਸਟੇਟ ਫਗਵਾੜਾ ਦੀ ਅਗਵਾਈ ਵਿੱਚ ਬਾਬਾ ਸਾਹਿਬ ਡਾ: ਬੀ ਆਰ ਅੰਬੇਡਕਰ ਜੀ ਦਾ 63ਵਾਂ ਪ੍ਰੀਨਿਰਵਾਣ ਦਿਹਾੜਾ ਬੜੀ ਸਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ।ਜਿਥੇ ਵੱਖ ਵੱਖ ਬੁਲਾਰਿਆਂ ਨੇ ਡਾ: ਅੰਬੇਡਕਰ ਦੀ ਵਿੱਦਵਤਾ, ਉਨ੍ਹਾ ਦੇ ਜੀਵਣ ਸੰਘਰਸ਼ ਅਤੇ ਬੇਮਿਸਾਲ ਪ੍ਰਾਪਤੀਆਂ ਦਾ ਜਿਕਰ ਕੀਤਾ।ਉਥੇ ਹੀ ਮੁਖ ਬੁਲਾਰੇ ਡਾ: ਤਰਸੇਮ ਸਾਗਰ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ,ਇਸਤਰੀ ਜਾਤੀ ਮੁਕਤੀ ਦਾਤਾ,ਦੇਸ਼ ਦੀ ਬਹੁਗਿਣਤੀ ਸ਼ੋਸ਼ਿਤ,ਪੀੜਤ ਲੋਕਾ ਦੇ ਮਾਰਗ ਦਰਸ਼ਕ, ਮੱਨੁਖੀ ਹੱਕਾਂ ਹਿੱਤਾਂ ਦੇ ਮਹਾਨ ਸਮਰਥਕ ਵਜੋ ਡਾ ਅੰਬੇਡਕਰ ਦੀਆਂ ਸੇਵਾਵਾ ਨੂੰ ਯਾਦ ਕੀਤਾ ਸਮਾਗਮ ਦੀ ਵਿਸ਼ੇਸ ਗਲ ਇਹ ਰਹੀ ਕਿ ਸ੍ਰੀ ਗੁਰੁ ਰਵਿਦਾਸ ਸਭਾ ਅਰਬਣ ਅਸਟੇਟ ਦੀ ਸਰਪ੍ਰਸਤੀ ਹੇਠ ਸ਼ੁਰੂ ਕੀਤੇ ਗਏ ਕੋਚਿੰਗ ਸੈਂਟਰ ਵਿਚੋਂ ਕੋਚਿੰਗ ਲੈਣ ਉਪਰੰਤ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਕੋਚਿੰਗ ਕਲਾਸਾ ਦੇ ਕੋਆਰਡੀਨੇਟਰ ਲੁਪਿੰਦਰ ਕੁਮਾਰ ਨੇ ਹੁਣ ਤੱਕ ਚਲਾਈਆਂ ਗਈਆਂ ਕਲਾਸਾ ਬਾਰੇ ਜਾਣ ਕਾਰੀ ਦਿੱਤੀ ਇਸ ਮੌਕੇ ਸਤੀਸ਼ ਕੁਮਾਰ, ਐਡਵੋਕੇਟ ਐਸ ਐਲ ਵਿਰਦੀ, ਪ੍ਰਧਾਨ ਸੋਹਣ ਸਹਿਜਲ, ਜਗਦੀਸ਼ ਵਿਰਦੀ ਨੇ ਬਾਬਾ ਸਾਹਿਬ ਜੀ ਦੇ ਜੀਵਣ ਅਤੇ ਮਿਸ਼ਨ ਤੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਗੁਰਦਾਵਰ ਰਾਮ ਬੰਗਾ, ਗੁਰਦਿਆਲ ਸੋਢੀ,ਸੰਦੀਪ ਜੱਸੀ, ਬਾਬੂ ਲਾਲ, ਜੋਗਾ ਰਾਮ, ਰਾਮ ਸਰਨ ਸਰੋਆ, ਜਗਨ ਨਾਥ ਬਾਂਸਲ, ਸਰਵਣ ਰਾਮ ਬਿਰਹਾ, ਸਿੰਗਾਰਾ ਸਿੰਘ,ਅਵਤਾਰ ਦਰਦੀ, ਸਤਨਾਮ ਸਿੰਘ ਕਲਸੀ,ਰਾਮਜੀ ਬੰਸਲ, ਸਤਪਾਲ ਚੋਪੜਾ, ਪ੍ਰੇਮ ਸਰੋਆ, ਪ੍ਰੇਮ ਲਾਲ, ਕੌਂਸਲਰ ਜਸਵਿੰਦਰ ਕੌਰ, ਕੌਂਸਲਰ ਤ੍ਰਿਪਤਾ ਸ਼ਰਮਾ, ਐਸ ਪੀ ਬਸਰਾ, ਅਸ਼ੋਕ ਕੁਮਾਰ, ਮਾਸਟਰ ਗੁਰਮੇਜ ਸਿੰਘ, ਅਸੋਕ ਭਾਟੀਆ, ਜੀਤ ਸਿੰਘ ਆਦਿ ਹਾਜਰ ਸਨ।ਸਭਾ ਦੇ ਜਨਰਲ ਸਕਤਰ ਮਨੀਸ਼ ਮਹਿਮੀ ਨੇ ਆਏ ਮਹਿਮਾਨਾ ਦਾ ਧੰਨਵਾਦ ਕੀਤਾ ਸਟੇਜ ਸਕਤਰ ਦੀ ਭੁਮਿਕਾ ਘਨਸ਼ਾਮ ਜੀ ਨੇ ਬਾਖ਼ੂਬੀ ਨਿਭਾਈ।



## ਮਨੁੱਖੀ ਅਧਿਕਾਰ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਵਿਚ ਲੋਕ ਪੱਖੀ ਕਾਨੂੰਨ ਬਹੁਤ ਪਰ ਪਾਲਣਾ ਕਰਨ ਵਿੱਚ ਪਿੱਛੇ



ਕੁਲਦੀਪ ਚੰਦ
91-9417563054

10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਮਨੁੱਖੀ ਅਧਿਕਾਰ ਮਨੁੱਖ ਦੇ ਉਹ ਮੁਢਲੇ ਅਧਿਕਾਰ ਹਨ ਜਿਸ ਨਾਲ ਕਿਸੇ ਵੀ ਮਨੁੱਖ ਨਾਲ ਨਸਲ, ਜਾਤਿ, ਧਰਮ, ਲਿੰਗ ਆਦਿ ਕਿਸੇ ਵੀ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਸਾਰੇ ਮਨੁੱਖ ਬਰਾਬਰ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਉਣ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ, ਸਮਾਜਿਕ-ਆਰਥਿਕ ਅਧਿਕਾਰ ਆਦਿ ਸ਼ਾਮਲ ਹਨ। ਅੱਜ ਦੁਨੀਆਂ ਦੀ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸ ਰਹੀ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਨ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮਰਾਹ ਕਰਨਾ ਅਤੇ ਉਚਿੱਤ ਕਦਮ ਨਾ ਚੁੱਕਣਾ ਹੈ। ਮਨੁਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁਖੀ ਅਧਿਕਾਰਾਂ ਦੀ ਯੁਨੀਵਰਸਲ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 2008 ਨੂੰ ਮਨੁਖੀ ਅਧਿਕਾਰਾਂ ਲਈ ਪਾਸ ਮਤੇ ਦੇ 60 ਸਾਲ ਮੁੰਕਮਲ ਹੋਣ ਤੇ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਅੱਜ ਦੇ ਦਿਨ ਹਰ ਸਾਲ 10 ਦਸੰਬਰ ਨੂੰ ਸਾਰੀ ਦੁਨੀਆ ਵਿੱਚ ਮਨੁਖੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਵਿਸੇਸ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜਿਹਨਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਇਆ ਜਾਂਦਾ ਹੈ। ਕੁਦਰਤ ਨੇ ਇਨਸਾਨ ਨੂੰ ਬਣਾਉਂਦੇ ਸਮੇਂ ਕੋਈ ਫਰਕ ਨਹੀਂ ਰੱਖਿਆ ਹੈ ਅਤੇ ਸਭਨੂੰ ਇੱਕ ਬਰਾਬਰ ਹੀ ਬਣਾਇਆ ਹੈ ਪਰ ਇਨਸਾਨ ਨੇ ਖੁਦ ਆਪਣੇ ਲਈ ਕਈ ਸੀਮਾਵਾਂ, ਅੜ੍ਹਚਨਾਂ ਅਤੇ ਵਰਗ ਬਣਾ ਲਏ ਹਨ, ਜਿਸਦੇ ਇੱਕ ਪਾਸੇ ਤਾਂ ਉਹ ਲੋਕ ਹਨ ਜਿਹਨਾਂ ਦੇ ਲਈ ਸੁਵਿਧਾਵਾਂ ਵੀ ਗੁਲਾਮ ਹੋ ਜਾਂਦੀਆ ਹਨ ਦੂਸਰੇ ਪਾਸੇ ਉਹ ਸੰਸਾਰ ਵੱਸਦਾ ਹੈ ਜੋ ਆਪਣੇ ਜੀਵਨ ਦੀਆਂ ਮੁਢਲੀਆਂ ਸੁਵਿਧਾਵਾਂ ਦੇ ਲਈ ਵੀ ਗੁਲਾਮ ਬਣਨ ਨੂੰ ਤਿਆਰ ਹੋ ਜਾਂਦਾ ਹੈ। ਜੇਕਰ ਵਿਸਵ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਹਾਲਾਤ ਵੇਖੀਏ ਤਾਂ ਕਈ ਦੇਸਾਂ ਵਿੱਚ ਕੋਈ ਬਹੁਤੀ ਵਧੀਆ ਨਹੀਂ ਹੈ। ਐਮਨੈਸਟੀ ਇੰਟਰਨੈਸਨਲ ਦੀ ਰਿਪੋਰਟ ਅਨੁਸਾਰ ਸਾਲ 2016 ਵਿੱਚ ਲੱਗਭੱਗ 23 ਦੇਸਾਂ ਵਿੱਚ ਯੁੱਧ ਸਬੰਧੀ ਅਪਰਾਧ ਕੀਤੇ ਗਏ ਅਤੇ 22 ਦੇਸਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰਨ ਵਾਲਿਆਂ ਨੂੰ ਮਾਰ ਦਿੱਤਾ ਗਿਆ ਹੈ। ਭਾਰਤ ਜੋਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਬਿਨਾਂ ਗਿਸੇ ਪੱਖਪਾਤ ਤੋਂ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕਿਹਾ ਗਿਆ ਹੈ ਕਿ ਰਾਜ ਕਿਸੇ ਵੀ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ। ਸੰਵਿਧਾਨ ਅਨੁਸਾਰ ਰਾਜ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੋਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ।

ਜੇਕਰ ਕਿਸੇ ਵਿਅਕਤੀ ਦੇ ਮੋਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਨੂੰਨ ਦਾ ਸਹਾਰਾ ਲੈ ਸਕਦਾ ਹੈ। ਨੀਤੀ ਨਿਦੇਸ਼ਕ ਤੱਤਾਂ ਅਨੁਸਾਰ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਬਰਾਬਰ ਨਿਆਂ ਦੀ ਵਿਵਸਥਾ ਕਰੇ, ਇਸਤਰੀ ਪੁਰਸ਼ ਦੇ ਲਈ ਸਮਾਨ ਅਵਸਰ ਉਪਲਬੱਧ ਕਰਾਏ, ਬਾਲ ਮਜ਼ਦੂਰੀ ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰੱਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਉਸਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਭਾਰਤੀ ਸੰਵਿਧਾਨ ਦੇ ਮੋਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ-ਵਿਰੋਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁਖੀ ਅਧਿਕਾਰਾਂ ਦਾ ਅਨੰਦ ਸਿਰਫ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤ ਜ਼ਿਆਦਾ ਚੰਗੀ ਨਹੀਂ ਕਹੀ ਜਾ ਸਕਦੀ ਹੈ।

ਮੀਡੀਆ ਦੁਆਰਾ ਸਮੇਂ-ਸਮੇਂ ਤੇ ਸ਼ੋਸ਼ਣ ਦੇ ਵਿਭਿੰਨ ਰੂਪਾਂ ਬਾਰੇ ਦੱਸਿਆ ਜਾਂਦਾ ਹੈ ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਕਰਨਾ, ਹਿਰਾਸਤ ਵਿੱਚ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਅਤਿੱਆਚਾਰ, ਸੁਰੱਖਿਆ ਬਲਾ ਦੁਆਰਾ ਗੈਰਜ਼ਰੂਰੀ ਦਖਲਅੰਦਾਜ਼ੀ ਆਦਿ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਪਿੱਛੇ ਹੀ ਰਹਿੰਦੀਆਂ ਹਨ। ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਮਨੁਖੀ ਅਧਿਕਾਰਾਂ ਵਿਸ਼ੇਸ਼ ਤੋਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸੋਸਣ ਹੋ ਰਿਹਾ ਹੈ। ਏਸੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੋਤ ਹੁੰਦੀ ਹੈ। ਪ੍ਰਸਾਸਕੀ ਸੁਧਾਰ ਸੰਸਥਾਨ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫਿਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫਿਸਦੀ ਬੱਚੇ ਜਿਣਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਜਬਰੀ ਮਜਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਇਹ ਮਨੁਖੀ ਅਧਿਕਾਰਾਂ ਦੀ ਭਾਰਤ ਵਿੱਚ ਸਥਿਤੀ ਦੀਆਂ ਕੁੱਝ ਉਦਾਹਰਣਾਂ ਹਨ। 1993 ਵਿੱਚ ਹਿਊਮਨ ਰਾਇਟਸ ਐਕਟ ਅਧੀਨ ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸੱਖਤੀ ਨਾਲ ਨਜਿਠਿਆ ਜਾ ਸਕੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਅਪਣੇ ਅਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਰਿਪੋਰਟ ਅਨੁਸਾਰ ਸਾਲ 2016-2017 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਲੱਗਭੱਗ 91887 ਮਾਮਲੇ ਆਯੋਗ ਕੋਲ ਪਹੁੰਚੇ ਜਿਨ੍ਹਾਂ ਵਿੱਚੋਂ ਸਭਤੋਂ ਵੱਧ ਮਾਮਲੇ ਲੱਗਭੱਗ 42590 ਸਿਰਫ ਉੱਤਰ ਪ੍ਰਦੇਸ਼ ਤੋਂ ਹੀ ਹਨ। ਮਨੁਖੀ ਅਧਿਕਾਰ ਆਯੋਗ ਵਲੋਂ ਲੱਗਭੱਗ 531 ਮਾਮਲਿਆਂ ਵਿੱਚ 112487500 ਰੁਪਏ ਦਾ ਮੁਆਵਜ਼ਾ ਦੇਣ ਦੀਆਂ ਸ਼ਿਫਾਰਿਸ਼ਾਂ ਕੀਤੀਆਂ ਗਈਆਂ ਹਨ। ਸਰਕਾਰ ਅਤੇ ਹੋਰ ਕਈ ਏਜੰਸੀਆਂ ਵਲੋਂ ਕਈ ਵਾਰ ਮਨੁਖੀ ਅਧਿਕਾਰ ਆਯੋਗ ਦੀਆਂ ਸ਼ਿਫਾਰਿਸ਼ਾਂ ਅਤੇ ਫੈਸਲਿਆਂ ਨੂੰ ਰੱਦ ਕੀਤਾ ਗਿਆ ਹੈ। ਅੱਜ ਦੇਸ ਦਾ ਕੋਈ ਵੀ ਸੂਬਾ ਅਤੇ ਭਾਗ ਅਜਿਹਾ ਨਹੀਂ ਹੈ ਜਿੱਥੇ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਸਾਹਮਣੇ ਨਾਂ ਆ ਰਹੇ ਹੋਣ। ਜੇਕਰ ਇਨ੍ਹਾਂ ਅੰਕੜਿਆਂ ਨੂੰ ਵੇਖੀਏ ਤਾਂ ਦਰਜ ਹੋਏ ਮਾਮਲਿਆਂ ਵਿੱਚ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗਰਿਫਤਾਰੀ, ਫਰਜ਼ੀ ਮੁਠਭੇੜ, ਪੁਲਿਸ ਜਿਆਦਤੀਆਂ, ਮਹਿਲਾਵਾਂ ਦੀ ਬੇਇਜਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿੱਆਚਾਰ, ਬਾਲ ਮਜਦੂਰੀ, ਬਾਲ ਵਿਆਹ, ਬੰਧੂਆ ਮਜ-ਦੂਰੀ, ਕੈਦੀਆਂ ਨਾਲ ਅਣਮਨੁੱਖੀ ਅਤਿੱਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੂਸੂਚਿਤ ਜਾਤਾਂ ਅਤੇ ਅਨੂਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅਤਿੱਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਵੱਧ ਹੈ।

ਪੰਜਾਬ ਜੋ ਕਿ ਇੱਕ ਵਿਕਸਿਤ ਸੂਬਾ ਕਹਾਂਉਦਾ ਹੈ ਵਿੱਚ ਮਾਰਚ 1997 ਨੂੰ ਮਨੁਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਇਸ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਵੀ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਰਾਜ ਮਨੁਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਲੱਗਭੱਗ 131307 ਸ਼ਕਾਇਤਾਂ ਦਰਜ ਹੋਈਆਂ ਹਨ ਅਤੇ ਸਭ ਤੋਂ ਵੱਧ ਲੱਗਭੱਗ 73246 ਸ਼ਕਾਇਤਾਂ ਪੁਲਿਸ ਖਿਲਾਫ ਪ੍ਰਾਪਤ ਹੋਈਆਂ ਹਨ। ਲੋਕ ਰਾਜ ਅਤੇ ਮਨੁੱਖੀ ਅਧਿਕਾਰਾਂ ਦਾ ਆਪਸ ਵਿੱਚ ਬੜਾ ਨਜ਼ਦੀਕੀ ਰਿਸ਼ਤਾ ਹੈ। ਸਾਡੇ ਦੇਸ਼ ਵਿੱਚ ਪਿਛਲੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੇ ਕਈ ਮਾਮਲਿਆਂ ਨੇ ਤਾਂ ਪੂਰੀ ਦੁਨੀਆਂ ਵਿੱਚ ਸਾਨੂੰ ਸ਼ਰਮਸਾਰ ਕਰ ਦਿੱਤਾ ਹੈ। ਮਨੁੱਖੀ ਅਧਿਕਾਰ ਸਿਰਫ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋਕੇ ਰਹਿ ਜਾਂਦੇ ਹਨ ਆਮ ਆਦਮੀ ਨੂੰ ਇਸਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਮਨੁੱਖੀ ਅਧਿਕਾਰਾਂ ਤੋਂ ਬਾਂਝਾ ਦੇਸ਼ ਆਪਣੇ-ਆਪ ਨੂੰ ਲੋਕ ਰਾਜ ਜਾਂ ਜਮੂਹਰੀ ਦੇਸ਼ ਨਹੀਂ ਅਖਵਾ ਸਕਦਾ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁਖੀ ਅਧਿਕਾਰ ਸੁਰਖਿਅਤ ਰਹਿ ਸਕਣ।




# ਜਦੋਂ ਸਰਕਾਰ ਗਊ ਸੈੱਸ ਲੈਂਦੀ ਹੈ ਤਾਂ ਗਊਆਂ ਨੂੰ ਸਾਂਭਣ ਦੀ ਜ਼ਿੰਮੇਵਾਰੀ ਕਿਉਂ ਨਹੀਂ ਲੈਂਦੀ?



ਮੇਜਰ ਸਿੰਘ ਨਾਭਾ
91-94635-53962

ਪੰਜਾਬ ਦੀਆਂ ਸੜਕਾਂ ਤੇ ਅਵਾਰਾ ਡੰਗਰ ਪਹਿਲੀ ਸਰਸਰੀ ਨਜ਼ਰੇ ਹੀ ਝੂੰਡਾਂ ਦੇ ਰੂਪ ਵਿੱਚ ਦੇਖਣ ਨੂੰ ਮਿਲਣਗੇ। ਰੋਜ਼ਾਨਾ ਅਖਬਾਰਾਂ ਅੰਦਰ ਅਵਾਰਾ ਡੰਗਰਾਂ ਨਾਲ ਦੁਰਘਟਨਾਵਾਂ ਦਾ ਜ਼ਿਕਰ ਅਕਸਰ ਹੁੰਦਾ ਹੈ। ਦਿਨੋਂ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ। ਪਿਛਲੇ ਦਿਨੀਂ ਸੰਗਰੂਰ ਅਤੇ ਪਟਿਆਲਾ ਵਿਖੇ ਕਈ ਲੋਕ ਪੱਖੀ ਸੋਚ ਵਾਲੀਆਂ ਜਥੇਬੰਦੀਆਂ ਵਲੋਂ ਅਵਾਰਾ ਡੰਗਰਾਂ ਕਾਰਣ ਅਜਾਈਂ ਮੌਤ ਮਰਨ ਵਾਲਿਆਂ ਦੀ ਵੱਧ ਰਹੀ ਗਿਣਤੀ ਵਿਰੁੱਧ ਕੈਂਡਲ ਮਾਰਚ ਕੱਢਕੇ ਰੋਸ ਮਾਰਚ ਕੀਤੇ ਗਏ। ਸੰਗਰੂਰ 'ਚ ਤਾਂ ਪੱਕਾ ਧਰਨਾ ਵੀ ਅਵਾਰਾ ਡੰਗਰਾਂ ਦੇ ਹੱਲ ਲਈ ਸਥਾਨਕ ਜਥੇਬੰਦੀਆਂ ਦੇ ਸਹਿਯੋਗ ਨਾਲ ਲਾਇਆ ਗਿਆ, ਜਿਸ ਨਾਲ ਪ੍ਰਸਾਸ਼ਨ ਨੇ ਡੰਗਰਾਂ ਨੂੰ ਸਾਂਭਣ ਲਈ ਮਾੜੀ ਮੋਟੀ ਹਿੱਲਚੁੱਲ ਕੀਤੀ ਪਰ ਸਥਾਈ ਹੱਲ ਨਹੀਂ ਹੋ ਰਿਹਾ। ਅਗਾਂਹ ਵਧੂ ਸੋਚ ਵਾਲੀਆਂ ਜਥੇਬੰਦੀਆਂ ਨੇ ਮਾਨਸਾ ਵਿਖੇ ਪਿਛਲੇ ਸਮੇਂ ਅਵਾਰਾ ਡੰਗਰਾਂ ਦੇ ਹੱਲ ਲਈ ਸ਼ੰਘਰਸ਼ ਸ਼ੁਰੂ ਕੀਤਾ ਸੀ ਪਰ ਪ੍ਰਸਾਸ਼ਨ ਵਲੋਂ ਕੋਈ ਸਥਾਈ ਹੱਲ ਨਹੀਂ ਕੱਢਿਆ ਗਿਆ। ਸਮੇਂ ਦੀ ਲੋੜ ਹੈ ਇਸ ਤਰ੍ਹਾਂ ਹੀ ਵੱਡੇ ਪੱਧਰ ਤੇ ਸ਼ੰਘਰਸ਼ ਵਿੱਢਣ ਦੀ ਹੈ ਤਾਂ ਹੀ ਕੋਈ ਮਸਲਾ ਹੱਲ ਹੋ ਸਕਦਾ ਹੈ। ਕਈ ਥਾਵਾਂ ਤੇ ਅਵਾਰਾ ਡੰਗਰਾਂ ਨਾਲ ਮਾਰੇ ਲੋਕਾਂ ਲਈ ਸਥਾਨਕ ਪ੍ਰਸਾਸ਼ਨ ਖਿਲਾਫ ਮੁਆਵਜ਼ੇ ਲਈ ਮੁਕੱਦਮੇ ਵੀ ਦਰਜ਼ ਕਰਾਏ ਗਏ ਹਨ। ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੋੜ ਹੈ। ਪਾਣੀ ਹੁਣ ਸਿਰ ਤੋਂ ਟੱਪ ਚੁੱਕਿਆ ਹੈ ਕਿਉਂਕਿ ਹੁਣ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ। ਤਾਜ਼ਾ ਘਟਨਾਵਾਂ ਧੂਰੀ ਵਿਖੇ ਇੱਕ ਪੁਲਿਸ ਵਾਲੇ ਨੂੰ ਅਤੇ ਗੁਰਾਇਆ ਵਿਖੇ ਇੱਕ ਦੁਕਾਨਦਾਰ ਨੂੰ ਸਿੰਗਾਂ ਤੇ ਚੁੱਕ ਕੇ ਮਾਰਨ ਵਾਲੀਆਂ ਵਾਪਰੀਆਂ ਹਨ। ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ। ਇਨ੍ਹਾਂ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਬਾਂਦਰਾਂ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ। ਸੜਕਾਂ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ । ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ ।ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ ਹੁੰਦਾ।ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ। ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ। ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਸਾਨੂੰ ਖਰੀਦਦਾਰੀ ਕਰਦੇ ਸਮੇਂ ਗਊ ਸੈੱਸ ਵੀ ਦੇਣਾ ਪੈਂਦਾ ਹੈ। ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ। ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ ,ਉਨ੍ਹਾਂ ਨੂੰ ਵੀ ਹਰੇਕ ਸ਼ਹਿਰ ਵਿੱਚ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ।ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ।

ਸੋ ਇਸ ਤਰ੍ਹਾਂ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ।



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
## WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

## 3525 Highway 99, West Corning, CA 96021
Across the Street from TA Truck Stop

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

# Chicago's Pizza with a Twist







Parvinder Dhesi



Kulwant Sandhu

1471 B St., Unit B, Livingston, CA 95334

## ਚੰਨ

ਤੈਨੂੰ ਪਤਾ ਉਥੇ ਬੱਸ ਇਕੱਲਾ ਗਿਆ ਵੇ ਅਮਰੀਕਾ
ਮਸਾਂ ਔਖੇ ਹੋ ਕੇ ਜਾਣ ਦਾ ਸੀ ਲੱਭਿਆ ਤਰੀਕਾ
ਤੂੰ ਤਾਂ ਤੋਤੇ ਵਾਂਗ ਇਕੋ ਗੱਲ ਰਹੇ ਰਟਦਾ ਵੇ
ਨਿੱਤ ਦਾਰੂ ਪੀ ਕੇ ਚੰਨ ਤੇ ਪਲਾਟ ਕੱਟਣਾ ਵੇ।

ਕਿਵੇਂ ਪਹਿਲਾਂ ਪੈਗ ਲਾ ਕੇ ਵੇ ਤੂੰ ਨਕਸ਼ਾ ਬਣਾਵੇਂ
ਦੂਜਾ ਪੈਗ ਲਾ ਕੇ ਨਾ ਤੂੰ ਫੁੱਲਿਆ ਸਮਾਵੇਂ
ਫਿਰ ਦੂਰਬੀਨ ਲਾ ਕੇ ਕੋਠੇ ਉਤੇ ਤੱਕਦਾ ਵੇ
ਨਿੱਤ ਦਾਰੂ ਪੀ ਕੇ ਚੰਨ ਤੇ ਪਲਾਟ ....

ਕੀਤੀ ਕਈਆਂ ਮੁਲਖਾਂ ਟਰਾਈ ਨਾ ਕੋਈ ਜਾ ਸਕਿਆ
ਬੱਸ ਤੇਰੇ ਵਾਂਗ ਕੋਠੀ ਕੋਈ ਨਾ ਪਾ ਸਕਿਆ
ਕਿਉਂ ਤੂੰ ਉਹਨਾਂ ਪਿੱਛੇ ਲੱਗ ਕੇ ਤੇ ਘਰ ਪੱਟਦਾ ਵੇ
ਨਿੱਤ ਦਾਰੂ ਪੀ ਕੇ ਚੰਨ ਤੇ ਪਲਾਟ ....

ਜਦੋਂ ਉੱਠਦਾ ਸਵੇਰੇ ਪੀਤੀ ਲਹਿ ਜਾਂਦੀ ਏ
ਖੂਹ ਖਾਤੇ 'ਚ ਸਕੀਮ ਸਾਰੀ ਪੈ ਜਾਂਦੀ ਵੇ
ਤੈਨੂੰ ਕਿੰਨੇ ਵਾਰੀ ਕਿਹਾ ਨਾ ਹਟਾਇਆ ਹੱਟਦਾ ਵੇ
ਨਿੱਤ ਦਾਰੂ ਪੀ ਕੇ ਚੰਨ ਤੇ ਪਲਾਟ ....

ਪਿੰਡ 'ਘੋਲੀਏ' 'ਚ 'ਦੇਵ' ਗੱਲਾਂ ਹੋਣ ਤੇਰੀਆਂ
ਪੀ ਕੇ ਮਾਰਕੇ ਤੂੰ ਫੜਾਂ ਵੇ ਲਿਆਵੇਂ ਹਨੇਰੀਆਂ
ਜਦ ਮੰਗਦੀ ਹਾਂ ਪੈਸਾ ਧੇਲਾ ਪਾਸਾ ਵੱਟਦਾ ਵੇ
ਨਿੱਤ ਦਾਰੂ ਪੀ ਕੇ ਚੰਨ ਤੇ ਪਲਾਟ ਕੱਟਦਾ ਵੇ।



– ਦੇਵ ਘੋਲੀਆ
ਖੁਰਦ
(ਫਰਿਜ਼ਨੋ)
559-232-7764

# ਗਿੰਨੀ ਸਾਗੂ ਦੀ ਪੁਸਤਕ ਫਰਿਜ਼ਨੋ ਵਿੱਚ ਰਿਲੀਜ਼ ਕੀਤੀ ਗਈ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਹਰ ਸੁਹਿਰਦ ਲੇਖਕ ਜੋ ਆਪ ਹੰਢਾਉਂਦਾ ਹੈ, ਉਨ੍ਹਾਂ ਹੀ ਸੂਖਮ ਭਾਵਨਾਵਾ ਨੂੰ ਆਪਣੀ ਲਿਖਤ ਦੇ ਜ਼ਰੀਏ ਆਪਣੇ ਆਲੇ-ਦੁਆਲੇ ਨਾਲ ਸਾਂਝਾ ਕਰਦਾ ਹੋਇਆ ਚੰਗੇ ਸਮਾਜ ਦੀ ਸਿਰਜਣਾ ਕਰਦਾ ਹੈ। ਪੰਜਾਬੀ ਪੱਤਰਕਾਰੀ ਅਤੇ ਲਿਖਤਾਂ ਵਿੱਚ ਆਪਣੀ ਪਹਿਚਾਣ ਬਣਾ ਚੁੱਕੇ ਆਸਟ੍ਰੇਲੀਆ ਵਸਨੀਕ 'ਗਿੰਨੀ ਸਾਗੂ' ਦੇ ਵਿਦੇਸੀ ਸਫਰਨਾਮਿਆ ਦੀ ਇਕ ਪੁਸਤਕ 'ਅਣਡਿੱਠੀ ਦੁਨੀਆ' ਰਿਲੀਜ਼ ਕੀਤੀ ਗਈ। ਜੋ ਰਸਮੀ ਤੌਰ 'ਤੇ 'ਫਰਿਜ਼ਨੋ ਡਰੀਮਜ਼' ਦੇ ਸਟੂਡੀਉ ਵਿੱਚ ਪੱਤਰਕਾਰ ਨੀਟਾ ਮਾਛੀਕੇ, ਪੰਜਾਬੀ ਮੀਚੀਆਂ ਯੂ.ਐਸ.ਏ. ਦੇ ਮੁੱਖ ਪ੍ਰਬੰਧਕ ਜਗਦੇਵ ਸਿੰਘ, ਭੰਡਾਲ, ਜਸਵੰਤ ਸਿੰਘ ਮਹਿਮੀ, ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਮਾਛੀਵਾੜਾ, ਟਰੱਕਿੰਗ ਇੰਡਸਟਰੀ ਤੋਂ ਰਮਨ ਢਿੱਲੋ ਅਤੇ ਹੋਰ ਸਾਹਿੱਤਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਇਹ ਪੁਸਤਕ ਲੇਖਕ ਗਿੰਨੀ ਸਾਗੂ ਦੇ ਅਮਰੀਕਾ ਅਤੇ ਵਿਦੇਸੀ ਸਫ਼ਰਨਾਮਿਆਂ ਦਾ ਬਹੁਤ ਰੌਚਕ ਸੁਮੇਲ ਹੈ। ਇਸ ਪੁਸਤਕ ਵਿੱਚ ਲੇਖਕ ਜਿੱਥੇ ਆਪਣੇ ਵਿਦੇਸ਼ੀ ਸਫਰਨਾਮੇ ਦੀ ਸਾਂਝ ਪਾਉਦਾ ਹੈ, ਉੱਥੇ ਆਪਣੇ ਨਿੱਜੀਤਵ ਦਾ ਖੁੱਲ ਕੇ ਪ੍ਰਗਟਾ ਕਰਦਾ ਹੈ। ਇਹ ਪੁਸਤਕ ਪੜਨਯੋਗ ਹੈ ਜਿਸ ਤੋਂ ਨਵੀਂ ਜਾਣਕਾਰੀ ਮਿਲਦੀ ਹੈ। ਇਸ ਸਮੇਂ ਪੱਤਰਕਾਰ ਨੀਟਾ ਮਾਛੀਕੇ ਗੱਲਬਾਤ ਕਰਦੇ ਹੋਏ ਵਧਾਈ ਦਿੱਤੀ। ਜਦ ਕਿ ਗਾਇਕ ਅਤੇ ਲੇਖਕ ਧਰਮਵੀਰ ਥਾਂਦੀ ਨੇ ਗਿੰਨੀ ਸਾਗੂ ਨੂੰ ਵਧਾਈ ਦਿੰਦੇ ਹੋਏ ਸਭ ਨੂੰ ਅਜਿਹੀਆਂ ਚੰਗੀਆਂ ਪੁਸਤਕਾ ਪੜਨ ਦੀ ਅਪੀਲ ਕੀਤੀ। ਜਗਦੇਵ ਸਿੰਘ ਭੰਡਾਲ ਨੇ 'ਫਰਿਜ਼ਨੋ ਡਰੀਮਜ਼ ਸਟੂਡੀਉ' ਦੇ ਸਮੂੰਹ ਮੈਂਬਰਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਅੰਤ ਇਹ ਪ੍ਰੋਗਰਾਮ ਸਾਹਿੱਤਕ ਵਿਚਾਰਾ ਕਰਦਾ ਹੋਇਆ ਯਾਦਗਾਰੀ ਹੋ ਨਿਬੜਿਆ।



# ਧੀਆਂ ਦੀ ਰਾਖੀ ਕੌਣ ਕਰੇ

**ਰਾਜਿੰਦਰ ਕੌਰ 'ਪੰਨੂ'**

ਸੰਨ 1993 'ਚ ਰਾਜ ਕੁਮਾਰ ਸੰਤੋਸ਼ੀ ਦੀ ਫਿਲਮ ਦਾਮਿਨੀ ਆਈ ਸੀ ਜਿਸ 'ਚ ਦਾਮਿਨੀ ਆਪਣੇ ਦਿਓਰ ਅਤੇ ਉਸ ਦੇ ਦੋਸਤਾਂ ਨੂੰ ਘਰ ਦੀ ਹੀ ਨੌਕਰਾਣੀ ਨਾਲ ਜਬਰ-ਜਨਾਹ ਕਰਦਿਆਂ ਵੇਖ ਲੈਂਦੀ ਹੈ। ਉਹ ਪਰਿਵਾਰ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਦੀ ਹੋਈ ਨੌਕਰਾਣੀ ਨੂੰ ਬਹੁਤ ਦੇਰ ਬਾਅਦ ਇਨਸਾਫ਼ ਦਿਵਾਉਣ 'ਚ ਕਾਮਯਾਬ ਹੋ ਜਾਂਦੀ ਹੈ। ਫਿਲਮ 'ਚ ਸਨੀ ਦਿਓਲ ਭਾਰਤ ਦੇ ਲਾਲਚੀ ਵਕੀਲਾਂ ਦੀਆਂ ਕੋਝੀਆਂ ਚਾਲਾਂ 'ਤੇ ਬੜਾ ਤਕੜਾ ਵਿਅੰਗ ਕੱਸਦਾ ਹੈ। ਉਸ ਅਨੁਸਾਰ ਐਸੇ ਵਕੀਲ 'ਤਰੀਕ' ਨੂੰ ਇਕ ਹਥਿਆਰ ਦੇ ਤੌਰ 'ਤੇ ਵਰਤ ਕੇ ਵਾਰ-ਵਾਰ ਇਨਸਾਫ਼ ਮੰਗਣ ਵਾਲੇ ਨੂੰ ਇਨਸਾਫ਼ ਦੀ ਥਾਂ ਤਰੀਕ ਦੇ ਕੇ ਤੋਰ ਦਿੰਦੇ ਹਨ ਅਤੇ ਮੁਲਜ਼ਮ ਕਈ ਪੁੱਠੇ-ਸਿੱਧੇ ਹੱਥਕੰਡੇ ਅਪਣਾ ਕੇ, ਝੂਠੇ ਗਵਾਹ ਪੇਸ਼ ਕਰ ਕੇ ਬੜੀ ਹੀ ਚਤੁਰਾਈ ਨਾਲ ਬਚ ਜਾਂਦੇ ਹਨ। ਇਹੋ ਕੁਝ ਅੱਜ ਸਾਡੇ ਦੇਸ਼ ਵਿਚ ਹੋ ਰਿਹਾ ਹੈ। ਤਾਂ ਹੀ ਤਾਂ ਸੱਤ ਸਾਲ ਪਹਿਲਾਂ ਦਿੱਲੀ 'ਚ 16 ਦਸੰਬਰ ਨੂੰ ਹੋਏ ਨਿਰਭੈਯਾ ਕਾਂਡ ਦੇ ਮੁਲਜ਼ਮ ਅਜੇ ਵੀ ਜਿਊਂਦੇ ਹਨ। ਸ਼ਾਇਦ ਇਸੇ ਲਈ ਦਰਿੰਦਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਨਾ ਤਾਂ ਉਹ 8 ਸਾਲ ਦੀ ਮਾਸੂਮ ਬੱਚੀ ਨੂੰ ਬਖ਼ਸ਼ਦੇ ਹਨ, ਨਾ ਹੀ 80 ਸਾਲ ਦੀ ਬਜ਼ੁਰਗ ਮਾਈ ਨੂੰ। ਭਾਰਤ ਵਿਚ ਨਿੱਤ ਵੱਡੇ ਪੱਧਰ 'ਤੇ ਜਬਰ-ਜਨਾਹ ਹੋ ਰਹੇ ਹਨ। ਕਾਨੂੰਨ ਤੇ ਪ੍ਰਸ਼ਾਸਨ ਅਜੇ ਵੀ ਕਛੂਏ ਦੀ ਚਾਲ ਤੁਰ ਰਿਹਾ ਹੈ। ਅਜੇ ਤਕ ਅਰਬ ਦੇਸ਼ਾਂ ਵਾਲੀ ਸਖ਼ਤੀ ਭਾਰਤ ਵਿਚ ਨਹੀਂ ਵਰਤੀ ਗਈ। ਹੁਣ ਸਵਾਲ ਉੱਠਦਾ ਹੈ ਕਿ ਕੀ ਇਨ੍ਹਾਂ ਇਨਸਾਨਾਂ ਦੇ ਰੂਪ ਵਿਚ ਘੁੰਮਦੇ ਹੈਵਾਨਾਂ ਦੇ ਘਰਾਂ 'ਚ ਧੀਆਂ-ਭੈਣਾਂ ਨਹੀਂ ਹੁੰਦੀਆਂ? ਕੀ ਅਜਿਹੇ ਕੁਕਰਮ ਕਰਨ ਲੱਗਿਆਂ ਇਨ੍ਹਾਂ ਦੀ ਅੰਤਰ ਆਤਮਾ ਇਨ੍ਹਾਂ ਨੂੰ ਝੰਜੋੜਦੀ ਨਹੀਂ? ਯਕੀਨਨ ਇਨ੍ਹਾਂ ਦੇ ਘਰਾਂ ਵਿਚ ਵੀ ਮਾਂ ਹੁੰਦੀ ਹੈ, ਧੀ ਹੁੰਦੀ ਹੈ, ਭੈਣ ਹੁੰਦੀ ਹੈ, ਪਤਨੀ ਹੁੰਦੀ ਹੈ, ਬੇਟੀ ਹੁੰਦੀ ਹੈ। ਬਸ ਕਮੀ ਹੁੰਦੀ ਹੈ ਨੈਤਿਕ ਸਿੱਖਿਆ ਦੀ। ਨੈਤਿਕ ਸਿੱਖਿਆ ਦੇਣੀ ਸਕੂਲ, ਸਮਾਜ ਅਤੇ ਮਾਤਾ-ਪਿਤਾ ਤਿੰਨਾਂ ਦੀ ਜ਼ਿੰਮੇਵਾਰੀ ਹੈ। ਮਾਂ-ਬਾਪ ਦਾ ਵਿਵਹਾਰ ਪੁੱਤਰ ਅਤੇ ਧੀ ਲਈ ਇੱਕੋ ਜਿਹਾ ਕਿਉਂ ਨਹੀਂ ਹੁੰਦਾ? ਜੇ ਧੀ ਵੱਲੋਂ ਕੀਤੀ ਗਈ ਗ਼ਲਤੀ ਨਾਲ ਮਾਂ-ਬਾਪ ਦੀ ਬਦਨਾਮੀ ਹੁੰਦੀ ਹੈ ਤਾਂ ਪੁੱਤਰ ਵੱਲੋਂ ਕੀਤੇ ਅਜਿਹੇ ਕੁਕਰਮ ਵੀ ਸਾਨੂੰ ਜਿਊਣ ਜੋਗਾ ਨਹੀਂ ਛੱਡਦੇ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਣੀ ਪਵੇਗੀ ਕਿ ਜੇ ਅਸੀਂ ਸਮਾਜ 'ਚ ਇੱਜ਼ਤ ਵਾਲੀ ਜ਼ਿੰਦਗੀ ਜਿਊਣੀ ਚਾਹੁੰਦੇ ਹਾਂ ਤਾਂ ਸਾਨੂੰ ਧੀਆਂ ਦੇ ਨਾਲ-ਨਾਲ ਪੁੱਤਰਾਂ 'ਤੇ ਵੀ ਨਜ਼ਰ ਰੱਖਣੀ ਪਵੇਗੀ। ਤਾਂ ਹੀ ਅਸੀਂ ਆਪਣੀਆਂ ਧੀਆਂ, ਭੈਣਾਂ ਅਤੇ ਮਾਵਾਂ ਨੂੰ ਸੁਰੱਖਿਅਤ ਰੱਖ ਸਕਾਂਗੇ। ਮੇਰੇ ਲੇਖ ਲਿਖਦਿਆਂ ਹੀ ਟੀਵੀ ਉੱਪਰ ਖ਼ਬਰ ਆ ਗਈ ਕਿ ਹੈਦਰਾਬਾਦ ਵਾਲੀ ਡਾਕਟਰ ਬੇਟੀ ਦੇ ਚਾਰੇ ਕਥਿਤ ਦੋਸ਼ੀ ਪੁਲਿਸ ਐਨਕਾਊਂਟਰ ਵਿਚ ਢੇਰ ਹੋ ਗਏ। ਬਹੁਤ ਵਧੀਆ, ਸ਼ਾਬਾਸ਼! ਸਵਾਦ ਆ ਗਿਆ। ਕਾਰਨ ਕੋਈ ਵੀ ਰਿਹਾ ਹੋਵੇ, ਪੁਲਿਸ ਨੇ ਮਿਸਾਲ ਕਾਇਮ ਕੀਤੀ ਹੈ। ਇਸ ਪੁਲਿਸ ਮੁਕਾਬਲੇ ਨਾਲ ਵਹਿਸ਼ੀਅਤ ਮੁਜੱਸਮਿਆਂ ਦੇ ਮਨਾਂ ਵਿਚ ਬਹੁਤਾ ਨਹੀਂ ਤਾਂ ਥੋੜ੍ਹਾ ਡਰ ਤਾਂ ਜ਼ਰੂਰ ਪੈਦਾ ਹੋਵੇਗਾ।

**ਸੱਤ ਸਾਲ ਪਹਿਲਾਂ ਦਿੱਲੀ 'ਚ 16 ਦਸੰਬਰ ਨੂੰ ਹੋਏ ਨਿਰਭੈਯਾ ਕਾਂਡ ਦੇ ਮੁਲਜ਼ਮ ਅਜੇ ਵੀ ਜਿਊਂਦੇ ਹਨ। ਸ਼ਾਇਦ ਇਸੇ ਲਈ ਦਰਿੰਦਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਨਾ ਤਾਂ ਉਹ 8 ਸਾਲ ਦੀ ਮਾਸੂਮ ਬੱਚੀ ਨੂੰ ਬਖ਼ਸ਼ਦੇ ਹਨ, ਨਾ ਹੀ 80 ਸਾਲ ਦੀ ਬਜ਼ੁਰਗ ਮਾਈ ਨੂੰ। ਭਾਰਤ ਵਿਚ ਨਿੱਤ ਵੱਡੇ ਪੱਧਰ 'ਤੇ ਜਬਰ-ਜਨਾਹ ਹੋ ਰਹੇ ਹਨ। ਕਾਨੂੰਨ ਤੇ ਪ੍ਰਸ਼ਾਸਨ ਅਜੇ ਵੀ ਕਛੂਏ ਦੀ ਚਾਲ ਤੁਰ ਰਿਹਾ ਹੈ। ਅਜੇ ਤਕ ਅਰਬ ਦੇਸ਼ਾਂ ਵਾਲੀ ਸਖ਼ਤੀ ਭਾਰਤ ਵਿਚ ਨਹੀਂ ਵਰਤੀ ਗਈ। ਹੁਣ ਸਵਾਲ ਉੱਠਦਾ ਹੈ ਕਿ ਕੀ ਇਨ੍ਹਾਂ ਇਨਸਾਨਾਂ ਦੇ ਰੂਪ ਵਿਚ ਘੁੰ-ਮਦੇ ਹੈਵਾਨਾਂ ਦੇ ਘਰਾਂ 'ਚ ਧੀਆਂ-ਭੈਣਾਂ ਨਹੀਂ ਹੁੰਦੀਆਂ? ਕੀ ਅਜਿਹੇ ਕੁਕਰਮ ਕਰਨ ਲੱਗਿਆਂ ਇਨ੍ਹਾਂ ਦੀ ਅੰਤਰ ਆਤਮਾ ਇਨ੍ਹਾਂ ਨੂੰ ਝੰਜੋੜਦੀ ਨਹੀਂ? ਯਕੀਨਨ ਇਨ੍ਹਾਂ ਦੇ ਘਰਾਂ ਵਿਚ ਵੀ ਮਾਂ ਹੁੰਦੀ ਹੈ, ਧੀ ਹੁੰਦੀ ਹੈ, ਭੈਣ ਹੁੰਦੀ ਹੈ, ਪਤਨੀ ਹੁੰਦੀ ਹੈ, ਬੇਟੀ ਹੁੰਦੀ ਹੈ। ਬਸ ਕਮੀ ਹੁੰਦੀ ਹੈ ਨੈਤਿਕ ਸਿੱਖਿਆ ਦੀ।**

# ਲੋਕ ਸਾਹਿਤ ਸੰਗਮ ਦੇ ਕਵੀ ਦਰਬਾਰ 'ਚ ਜੋਬਨਬੀਰ ਨੇ ਕਲਾਸੀਕਲ ਸੁਣਾਕੇ ਦਰਸ਼ਕਾਂ ਨੂੰ ਦਿੱਤਾ ਕੀਲ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿੱਤਕ ਬੈਠਕ ਰੋਟਰੀ ਭਵਨ ਰਾਜਪੁਰਾ ਵਿਖੇ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਸੰਪਨ ਹੋਈ ਜਿਸ ਵਿਚ ਅਸਟ੍ਰੇਲੀਆ ਤੋਂ ਆਏ ਪੰਜਾਬੀ ਬੱਚਿਆਂ ਨੇ ਸੰਗੀਤਕ ਰੰਗ ਬੰਨਿਆ ਜੋਬਨਬੀਰ ਸਿੰਘ ਅਤੇ ਹਰਨੂਰ ਕੌਰ ਨੇ ਆਪਣੀ ਨਿੱਕੜੀ ਉਮਰੇ ਕਲਾਸਿਕਲ ਸੰਗੀਤ ਵਿਚ ਸ਼ਬਦ ਸੁਣਾਕੇ ਹਾਜ਼ਰ ਸ਼ਰੋਤਿਆਂ ਨੂੰ ਕੀਲ ਦਿੱਤਾ। ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਦੇ ਗੀਤ ਨਾਲ ਹੋਇਆ। ਅਮਰਜੀਤ ਸਿੰਘ ਲਬਾਣਾ ਦੀ ਕਵਿਤਾ ਦੋ ਸ਼ਬਦ ਅਤੇ ਜਾਨੀ ਜ਼ੀਰਕਪੁਰੀਆ ਦੇ ਲੋਕ ਤੱਥ ਵਧੀਆ ਸਨ। ਸੁਰਿੰਦਰ ਸਿੰਘ ਸੋਹਣਾ ਦਾ ਧਾਰਮਿਕ ਗੀਤ ਕਿੰਨੇ ਕਹਿਰ ਦੇ ਦਿਹਾੜੇ, ਕਿੰਨੀ ਕਹਿਰ ਦੀਆਂ ਰਾਤਾਂ ਸੁਣਾਕੇ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਵਿਛੋੜੇ ਦਾ ਜ਼ੀਕਰ ਕੀਤਾ। ਪ੍ਰੋ ਸ਼ਤਰੂਘਨ ਗੁਪਤਾ ਅਤੇ ਭੀਮ ਸੈਨ ਝੂਲੇ ਲਾਲ ਨੇ ਸਰਾਇਕੀ ਕਵਿਤਾ ਸੁਣਾਈ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਮਿੰਨੀ ਕਹਾਣੀ ਅਰਦਾਸ ਸੁਣਾਕੇ ਅਜੋਕੀ ਸਮਾਜਕ ਪ੍ਰਣਾਲੀ ਤੇ ਕਟਾਕਸ਼ ਕੀਤਾ। ਕੁਲਵੰਤ ਸਿੰਘ ਨੇ ਧੰਨ ਧੰਨ ਮਾਤਾ ਗੁਜ਼ਰੀ ਗੀਤ ਸੁਣਾਕੇ ਸ਼ਰੋਤਿਆਂ ਨੂੰ ਗ਼ਮਗੀਨ ਕੀਤਾ। ਵਿਸ਼ੇਸ਼ ਸੱਦੇ ਤੇ ਆਏ ਪ੍ਰਸਿੱਧ ਕਲਾਕਾਰ ਰੋਮੀ ਘੜਾਮੇ ਵਾਲਾ ਨੇ ਆਪਣੇ ਅੰਦਾਜ਼ ਵਿਚ ਰੱਬ ਦਾ ਟਿਕਾਣਾ ਗੀਤ ਸੁਣਾਕੇ ਸ਼ਰੋਤਿਆਂ ਨੂੰ ਕੀਲ ਦਿੱਤਾ ਉਸ ਨੇ ਆਪਣਾ ਚਰਚਿੱਤ ਗੀਤ ਮੁੰਡਾ ਚੋਕੀਦਾਰ ਲੱਗਿਆ ਵੀ ਸੁਣਾਇਆ। ਡਾ ਹਰਜੀਤ ਸਿੰਘ ਸੱਧਰ ਨੇ ਜਿੱਥੇ ਆਪਣਾ ਗੀਤ ਤਰੰਨਮ ਚ ਪੰਧ ਲੰਮੇਰਾ ਸੁਣਾਇਆ ਅਤੇ ਵਿਦਵਤਾ ਭਰਪੂਰ ਮਾਰਗ ਦਰਸ਼ਨ ਵੀ ਕੀਤਾ। ਬਚਨ ਸਿੰਘ ਬਚਨ ਸੋਢੀ ਨੇ ਕਵਾਲੀ, ਅੰਗਰੇਜ ਕਲੇਰ ਦੀ ਮਿੰਨੀ ਕਹਾਣੀ ਭਿਅੰਕਰ, ਗੁਰਵਿੰਦਰ ਆਜ਼ਾਦ ਨੇ ਗੀਤ ਸੁਣਾਇਆ। ਅਵਤਾਰ ਪੁਆਰ ਦੀ ਗ਼ਜ਼ਲ ਕਾਬਲੇ ਤਾਰੀਫ਼ ਸੀ। ਦੇਸ਼ ਰਾਜ ਨਿਰੰਕਾਰੀ ਨੇ ਕਹਾਣੀ ਸੁਣਾਈ। ਐਸ ਪੀ ਵਾਲੀਆਂ, ਕਾਕਾ ਟੈਂਕਰਾਂ ਵਾਲਾ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਪ੍ਰੋ ਭੁਪਿੰਦਰ ਸ਼ਾਹੀ ਨੇ ਜਿਥੇ ਆਪਣੀ ਗੀਤ ਰਾਹੀਂ ਹਾਜ਼ਰੀ ਲਗਵਾਈ ਉੱਥੇ ਸਟੇਜ ਦੀ ਕਾਰਵਾਈ ਬਖ਼ੂਬੀ ਨਿਭਾਈ।



# ਜਰਖੜ ਹਾਕੀ ਅਕੈਡਮੀ ਦੇ 100 ਖਿਡਾਰੀ ਟਰੈਕ ਸੂਟਾਂ ਨਾਲ ਹੋਏ ਸਨਮਾਨਿਤ

**ਲੁਧਿਆਣਾ (ਬਿਊਰੋ)–** ਹਾਕੀ ਪਰਮੋਟਰ ਨਵਤੇਜ ਸਿੰਘ ਤੇਜਾ ਆਸਟਰੇਲੀਆ ਵੱਲੋਂ ਸਪਾਂਸਰ ਕੀਤੇ 100 ਟਰੈਕ ਸੂਟਾਂ ਨਾਲ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਅੱਜ ਜਰਖੜ ਖੇਡ ਸਟੇਡੀਅਮ ਵਿਖੇ ਇਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਏ ਆਈ ਜੀ ਫਿਰੋਜ਼ਪੁਰ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਹੋਰ ਮਹਿਮਾਨਾਂ ਨੇ ਆਲ ਇੰਡੀਆ ਦਸਮੇਸ਼ ਹਾਕਸ ਹਾਕੀ ਟੂਰਨਾਮੈਂਟ ਰੋਪੜ ਜਿੱਤਣ ਵਾਲੀ ਜਰਖੜ ਹਾਕੀ ਟੀਮ ਦੇ ਸਾਰੇ ਖਿਡਾਰੀਆਂ ਨੂੰ ਟਰਾਫ਼ੀਆਂ ਨਾਲ ਸਨਮਾਨਿਤ ਕਰਨ ਤੋਂ ਇਲਾਵਾ ਅਕੈਡਮੀ ਵਿੱਚ ਖੇਡ ਰਹੇ ਸਾਰੇ 100 ਖਿਡਾਰੀਆਂ ਨੂੰ ਟਰੈਕ ਸੂਟ ਦੇ ਕੇ ਸਨਮਾਨਿਤ ਕੀਤਾ। ਰਾਇਸ ਮੌਕੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਹੋਰਾਂ ਨੇ ਹਾਕੀ ਪ੍ਰਮੋਟਰ ਨਵਤੇਜ ਸਿੰਘ ਆਸਟਰੇਲੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਡੇਢ ਲੱਖ ਦੀ ਲਾਗਤ ਨਾਲ ਬਣੇ 100 ਟਰੈਕ ਸੂਟ ਬੱਚਿਆਂ ਨੂੰ ਦਿੱਤੇ ਹਨ।ਇਸ ਤੋਂ ਪਹਿਲਾਂ ਜਰਖੜ ਖੇਡਾਂ ਜੋ 13,14 ਅਤੇ 15 ਦਸੰਬਰ ਨੂੰ ਹੋ ਰਹੀਆਂ ਹਨ ਉਨ੍ਹਾਂ ਦੀ ਕਾਮਯਾਬੀ ਵਾਸਤੇ ਸ੍ਰੀ ਸਹਿਜ ਪਾਠ ਦਾ ਭੋਗ ਪਾਇਆ ਗਿਆ ਅਤੇ ਖੇਡਾਂ ਦੀ ਕਾਮਯਾਬੀ ਲਈ ਸਮੂਹ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਰਲਕੇ ਅਰਦਾਸ ਕੀਤੀ ਇਸ ਤੋਂ ਇਲਾਵਾ ਮਾਤਾ ਸਾਹਿਬ ਕੋਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜ਼ਰੂਰੀ ਮੀਟਿੰਗ ਹੋਈ ਜਿਸ ਵਿੱਚ ਜਰਖੜ ਖੇਡਾਂ ਦੀਆਂ ਤਿਆਰੀਆਂ ਦਾ ਅੰਤਿਮ ਜਾਇਜ਼ਾ ਲਿਆ ਗਿਆ ਅਤੇ ਵੱਖ ਵੱਖ ਪ੍ਰਬੰਧਕੀ ਕਮੇਟੀਆਂ ਦਾ ਗਠਨ ਕੀਤਾ ਗਿਆ। ਸਰਪੰਚ ਦਪਿੰਦਰ ਸਿੰਘ ਡਿੰਪੀ ਅਤੇ ਇੰਸਪੈਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਖੇਡਾਂ ਦੇ ਫਾਈਨਲ ਸਮਾਰੋਹ ਚਰਚਿਤ ਲੋਕ ਗਾਇਕ ਕਰਨ ਔਜਲਾ ਉਚੇਚੇ ਤੌਰ ਤੇ ਪਹੁੰਚੇਗਾ ਜਦ ਕਿ ਉਦਘਾਟਨੀ ਸਮਾਰੋਹ ਲਈ ਓਲੰਪਿਕ ਟਾਰਚ ਇੰਜੀਨੀਅਰ ਕਾਲਜ ਭੁੱਟਾ ਤੋਂ ਖਿਡਾਰੀਆਂ ਦੇ ਕਾਫ਼ਲੇ ਦੇ ਰੂਪ ਵਿਚ ਚੱਲ ਕੇ ਜਰਖੜ ਸਟੇਡੀਅਮ ਪਹੁੰਚੇਗੀ 13 ਦਸੰਬਰ ਨੂੰ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਇਸ ਤੋਂ ਇਲਾਵਾ ਕਬੱਡੀ ਹਾਕੀ ਕੁਸ਼ਤੀਆਂ ਅਤੇ ਵਾਲੀਵਾਲ ਵਿੱਚ ਨਾਮੀ ਸਟਾਰ ਖਿਡਾਰੀ ਹਿੱਸਾ ਲੈਣਗੇ।ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ ਜਰਖੜ ਕੈਨੇਡਾ ਸ਼ਿੰਗਾਰਾ ਸਿੰਘ ਜਰਖੜ ਤੇਜਿੰਦਰ ਸਿੰਘ ਜਰਖੜ ਅਜੀਤ ਸਿੰਘ ਲਾਦੀਆਂ ਗੁਰਸਤਿੰਦਰ ਸਿੰਘ ਪ੍ਰਗਟ ਸਾਹਿਬਜੀਤ ਸਿੰਘ ਸਾਬੀ ਗੁਰਮੀਤ ਸਿੰਘ ਜਰਖੜ ਪਹਿਲਵਾਨ ਹਰਮੇਲ ਸਿੰਘ ਕਾਲਾ ਸੰਦੀਪ ਸਿੰਘ ਪੰਧੇਰ ਬਾਬਾ ਰੁਲਦਾ ਸਿੰਘ ਸੋਹਨ ਸਿੰਘ ਸ਼ੰਕਰ ਸੋਮਾ ਸਿੰਘ ਰੋਮੀ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM


PUNJAB LOK RANG
Presents
ਮਿਟੀ ਧੁੰਦ ਜੱਗ ਚਾਨਣ ਹੋਆ ॥
Celebrating shri Guru Nanak Dev Ji's 550th Birthday
( A Play Written and Directed by Surinder Singh Dhanoa )
December 21st, 2019
Saturday
California Theatre
351 Railroad Ave.
Pittsburg, CA 94565
Doors Open : 5 PM
Play Starts : 6 PM
For more information, contact :
Shashi Paul (707)372-5657, Ramesh Suman (925)366-3618
Anoop Singh Cheema (925)250-4546, Ricky Pal (925)329-1954
Tickets can be purchased at:
Chicago Pizza, 2961 Railroad Ave, Pittsburg, CA - (925) 473-9000
Spice of India, 3739 Railroad Ave Pittsburg, CA - (925) 432-6826
Dass Sweets, 309 H Street, Antioch, CA - (925) 754-3277
Apna Bazaar , 101 Railroad Ave, Antioch, CA - (925) 778-7860